
ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥
ਸਪਤਾਹਿਕ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥
www.sribhainisahib.com ਜਿਲਦ-25 ਨੰਬਰ-9
1 ਤੋਂ 7 ਵੱਸਾਖ 2074 - 13 to19 April 2017 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 202

## ਬ੍ਰਿਥਾ ਨਾ ਜਾਊਗਾ

ਹੋਰ ਖਾਲਸਾ ਜੀ ਪ੍ਰਤੀਤ ਰਖਣੀ ਏਹੁ ਜੋ ਭਜਨ ਬਾਣੀ ਨਾਮ ਦਾਨੁ ਇਸਨਾਨ ਪਾਠੁ ਭੋਗ ਏਹੁ ਘਾਲ ਕਰੂਗਾ ਉਸ ਦਾ ਬ੍ਰਿਥਾ ਨਾ ਜਾਊਗਾ।



# "ਵੈਸਾਖੀ ਦਾ ਖਾਲਸਾ"



ਹੇਮ ਕੁੰਟ ਦਾ ਵਾਸੀ 'ਦੁਸ਼ਟ ਦਮਨ' - ਘੋਰ ਤਪੱਸਿਆ ਵਿਚ ਬੈਠਾ ਹੈ - ਉਸਦੀ ਤਪੱਸਿਆ ਦੀ ਗੂੰਜ ਨੇ ਬ੍ਰਹਮੰਡ ਨੂੰ ਹਿਲਾ ਦਿਤਾ ਹੈ । ਅਕਾਲ ਪੁਰਖ ਦੀ 'ਪਰਮ ਆਤਮਾ' ਵਿਚ ਦੁਸ਼ਟ ਦਮਨ ਜੀ ਦੀ 'ਆਤਮਾ' ਇਕ ਮਿਕ ਹੋ ਕੇ ੧ੳ ਹੀ ਬਣ ਜਾਂਦੀ ਹੈ :-

**ਯਤਾ: " ਇਹ ਬਿਧਿ ਕਰਤ ਤਪੱਸਿਆ ਭਯੋ । ਦ੍ਵੈ ਤੇ ਏਕ ਰੂਪ ਹੈਵ ਗਯੋ ।**

(ਬਚਿੱਤ੍ਰ ਨਾਟਕ)

ਅਕਾਲ ਪੁਰਖ ਜੀ ਗੁਰੂ ਜੀ ਨੂੰ ਹੁਕਮ ਕੀਤਾ ਕਿ ਧਰਤੀ ਤੇ 'ਮੇਰੇ ਪੁੱਤਰ ਬਣ ਕੇ ਜਾਓ ਅਤੇ ਆਪਣਾ ਪੰਥ ਚਲਾਓ :

**ਯਤਾ : ਅਕਾਲ ਪੁਰਖ ਬਾਚ ॥ ਚੌਪਈ ।**
**ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥**
**ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥ 29 ॥**

(ਬਚਿੱਤ੍ਰ ਨਾਟਕ)


ਗੁਰੂ ਸਾਹਿਬ ਜੀ ਨਿਮਸ਼ਕਾਰ ਕਰਕੇ - ਸਾਡੇ ਪਾਪ ਹਰਨ ਲਈ - ਇਸ ਧਰਤੀ ਤੇ ਅਵਤਾਰ ਧਾਰਿਆ ਅਤੇ ਓਹ ਮਹਾਨ ਕਾਰਜ ਜਿਸ ਲਈ ਹਜ਼ੂਰ ਨੂੰ ਇਥੇ ਭੇਜਿਆ ਸੀ -"ਖਾਲਸਾ" ਸਜੌਣ ਲਈ - ਆਪ ਉਸ ਕੰਮ ਦੀ ਪੂਰਤੀ ਵਿਚ ਨਿਰੰਤਰ ਜੁੱਟ ਗਏ । ਇਸ ਕਾਰਜ ਲਈ ਆਪ ਜੀ ਅਕਾਲ ਪੁਰਖ ਤੋਂ ਇਹ ਵਰ ਦੀ ਪ੍ਰਾਪਤੀ ਕਰ ਚੁੱਕੇ ਸਨ :- ਪੰਥ ਚਲੈ ਤਬ ਜਗਤ ਮੈਂ ਜਬ ਤੁਮ ਕਰਹੁ ਸਹਾਇ "


ਇਹ 'ਖਾਲਸਾ ਪੰਥ' ਅਕਾਲ ਪੁਰਖ ਦਾ ਆਪਣਾ ਪੰਥ ਹੈ ਜਿਸ ਨੂੰ ਗੁਰੂ ਜੀ ਨੇ ਸਾਨੂੰ ਬਖਸ਼ਿਆ ਹੈ ।

ਇਸ ਪੰਥ ਨੂੰ ਨੇਪਰੇ ਚੜੌਣ ਲਈ ਆਪ ਜੀ ਨੇ ਅਨੰਦਪੁਰ ਸਾਹਿਬ ਦੀ ਪਵਿੱਤ੍ਰ ਨਗਰੀ ਨੂੰ ਚੁਣਿਆਂ ਅਤੇ ਇਕ ਭਾਰੀ ਇਕੱਠ ਵਿਸਾਖ 1699 ਈ: ਨੂੰ ਕੀਤਾ । ਇਸ ਇਕੱਠ ਵਿਚ ਸਾਰੇ ਹਿੰਦੁਸਤਾਨ ਤੋਂ ਸਿੱਖ ਕੌਮ ਪਹੁੰਚੀ । ਇਸ ਵੇਲੇ ਗੁਰੂ ਗੋਬਿੰਦ ਰਾਇ ਜੀ ਦਾ ਜਾਹੋ ਜਲਾਲ ਐਸਾ ਸੀ ਜੋ ਝਲਿਆ ਨਹੀਂ ਸੀ ਜਾਂਦਾ । ਆਪ ਜੀ ਦਾ ਤੇਜ ਲੱਖਾਂ ਸੂਰਜਾਂ ਸਮਾਨ ਸੀ ਜਿਸ ਦੀ ਤਾਬ ਅੱਗੇ ਇਨਸਾਨ ਤਾਂ ਕੀ ਦੇਵਤਾ ਵੀ ਖੜੋ ਨਹੀਂ ਸੀ ਸਕਦਾ । ਅੱਜ ਤੀਨ ਲੋਕ ਦਾ ਵਾਲੀ ਪਤਾ ਨਹੀਂ ਕੀ ਕਰਨਾ ਚਾਹੁੰਦਾ ਹੈ ?

(ਬਾਕੀ ਸਫਾ 2 'ਤੇ)

# ਜਗਤ ਮਾਤਾ ਚੰਦ ਕੌਰ ਜੀ - ਕੀਰਤੀ ਅੰਕ ਪਾਠਕਾਂ ਲਈ ਉਪਹਾਰ



ਸਤਿਜੁਗ ਸਪਤਾਹਿਕ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾ, ਬਖ਼ਸ਼ਿਸ, ਅਨੂਕੰਪਾ ਸਦਕਾ ਬੜੀ ਸਫਲਤਾ ਨਾਲ ਹਰ ਸਾਲ ਇੱਕ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਦਾ ਹੈ। ਜਿਸ ਵਿੱਚ ਇਤਿਹਾਸਿਕ, ਸਾਹਿਤਕ, ਸਮਾਜਿਕ ਵਿਦਿਅਕ ਅਤੇ ਹੋਰ ਵੱਖ-ਵੱਖ ਪੱਖਾ ਬਾਰੇ ਵਿਦਵਾਨਾਂ ਦੀ ਵੱਡਮੁਲੀ ਸਮਗਰੀ ਪ੍ਰਕਾਸ਼ਿਤ ਕਰਦਾ ਹੈ। ਸ੍ਰੀ ਮਾਤਾ ਚੰਦ ਕੌਰ ਜੀ ਦੇ ਅਸਹਿ ਵਿਛੋੜੇ ਤੋਂ ਬਾਅਦ ਇਸ ਸਾਲ 2017 ਈ. (2074 ਬਿ.) ਸਤਿਜੁਗ ਦਾ ਸੰਪੂਰਨ ਅੰਕ ਉਹਨਾਂ ਦੀ ਯਾਦ ਨੂੰ **'ਕੀਰਤੀ ਅੰਕ'** ਦੇ ਰੂਪ ਵਿੱਚ ਸਮਰਪਿਤ ਹੈ। ਉਹਨਾਂ ਦੇ ਜੀਵਨ ਬਾਰੇ ਵੱਧ ਤੋਂ ਵੱਧ ਸਮਗਰੀ ਇਕੱਤਰਤ ਕਰਕੇ 123 ਰੰਗਦਾਰ ਦੁਰਲੱਭ ਤਸਵੀਰਾਂ ਸਹਿਤ ਵਧੀਆ ਕਾਗਜ਼ ਉੱਤੇ ਛਾਪਿਆ ਗਿਆ ਹੈ ਇਸ ਅੰਕ ਦੀ ਸਮੱਗਰੀ, ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਹੈ। ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਇਹ ਅੰਕ ਹਰ ਸਾਲ ਦੀ ਤਰ੍ਹਾਂ ਸਤਿਜੁਗ ਦੇ ਪਾਠਕਾਂ ਨੂੰ ਉਪਹਾਰ ਵਜੋਂ ਮੁਫਤ ਦਿੱਤਾ ਜਾਂਦਾ ਹੈ। ਇਸ ਕਰਕੇ ਸਤਿਜੁਗ ਦੇ ਦੇਸ਼ਾ, ਵਿਦੇਸ਼ਾਂ ਦੇ ਪਾਠਕਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਆਪਣਾ ਚੰਦਾ ਛੇਤੀ ਤੋਂ ਛੇਤੀ ਜਮਾ ਕਰਵਾਕੇ **'ਕੀਰਤੀ ਅੰਕ'** ਨੂੰ ਪ੍ਰਾਪਤ ਕਰਨ। ਵਿਦੇਸ਼ਾ ਦੇ ਪਾਠਕ ਆਪਣੇ ਚੰਦੇ ਜਮਾ ਕਰਵਾਉਣ ਲਈ ਵਿਸ਼ੇਸ਼ ਉਚੇਤ ਕਰਨ ਅਤੇ ਆਪਣੇ ਚੰਦੇ ਤੁਰੰਤ ਜਮਾਂ ਕਰਵਾਉਣ। ਉਹ ਆਪਣੇ ਚੰਦੇ ਚੈਕ, ਡਰਾਫਟ ਜਾਂ ਆਨ ਲਾਈਨ ਸਟੇਟ ਬੈਂਕ ਆਫ ਇੰਡੀਆ ਦੇ **'ਸਤਿਜੁਗ ਵੀਕਲੀ'** ਦੇ ਅਕਾਉਂਟ ਨੰ: **30033059055** ਤੇ ਭੇਜਨ। ਸਤਿਜੁਗ ਦੇ ਦਫ਼ਤਰ ਵਿੱਚ ਚੰਦਾ ਪਹੁੰਚਦਿਆਂ ਹੀ ਪਾਠਕਾਂ ਨੂੰ **'ਜਗਤ ਮਾਤਾ ਚੰਦ ਕੌਰ ਜੀ ਕੀਰਤੀ ਅੰਕ'** ਤੁਰੰਤ ਭੇਜ ਦਿੱਤਾ ਜਾਵੇਗਾ।

# ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਰਾਜ ਪੱਧਰੀ ਪ੍ਰਕਾਸ਼ ਪੁਰਬ ਮੰਡੀ (ਹਿਮਾਚਲ) ਵਿੱਚ 22 ਅਪ੍ਰੈਲ ਨੂੰ

## ★ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਰਸ਼ਨ ਦੇਣਗੇ ਅਤੇ ਮੁੱਖ ਮੰਤਰੀ (ਹਿਮਾਚਲ ਪ੍ਰਦੇਸ਼) ਮੁੱਖ ਮਹਿਮਾਨ ਹੋਣਗੇ

**ਮੰਡੀ , 10 ਅਪ੍ਰੈਲ:** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛੱਤਰ ਛਾਇਆ ਹੇਠ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਪੁਰਬ ਮੰਡੀ (ਹਿਮਾਚਲ ਪ੍ਰਦੇਸ਼) ਵਿਖੇ ਸਾਧ-ਸੰਗਤ ਵੱਲੋਂ 22 ਅਪ੍ਰੈਲ 2017 ਈ. ਦਿਨ (ਸ਼ਨੀਵਾਰ) ਨੂੰ ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ ਰਾਜ ਪੱਧਰ ਤੇ ਮਨਾਇਆ ਜਾ ਰਿਹਾ ਹੈ । ਇਸ ਵਿੱਚ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਵੀਰਭੱਦਰ ਸਿੰਘ ਜੀ ਅਤੇ ਵੱਖ ਵੱਖ ਰਾਜਨੀਤਿਕ ਆਗੂ, ਬੁਧੀ ਜੀਵੀ ਵਿਦਵਾਨ ਆਦਿ ਸਾਧ-ਸੰਗਤ ਨੂੰ ਸੰਬੋਧਨ ਕਰਨਗੇ । ਪ੍ਰਬੰਧਕਾਂ ਵੱਲੋਂ ਸਮੂਹ ਸਾਧ-ਸੰਗਤ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ।

ਸਤਿਜੁਗ
ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਸੀਸ ਨਿਵਾਇਐ ਕਿਆ ਥੀਐ

ਸੀਸ ਨਿਵਾਉਣਾ ਨਿਮਰਤਾ ਦਾ ਪ੍ਰਤੀਕ ਹੈ, ਹਲੀਦੀ ਮਾ। ਇਹ ਨਿਉ ਕੇ ਚੱਲਣ ਦਾ ਪ੍ਰਗਟਾਵਾ ਹੈ। ਨਿਉਣਾ ਤੇ ਮਿੱਠਾ ਬੋਲਣਾ ਚੰਗੇ ਗੁਣਾਂ ਦਾ ਨਿਚੋੜ ਹੈ। ਪਰ ਇਸਦੇ ਮੂਲ ਵਿਚ ਹਿਰਦੇ ਵਿਚਲੀ ਭਾਵਨਾ ਹੈ। ਜੇ ਹਿਰਦੇ ਵਿਚ ਉਸ ਵਿਅਕਤੀ ਪ੍ਰਤੀ ਆਦਰ ਸਤਿਕਾਰ ਨਹੀਂ ਜਿਸ ਅੱਗੇ ਸੀਸ ਝੁਕਾਇਆ ਜਾ ਰਿਹਾ ਹੈ ਤਾਂ ਸੀਸ ਨਿਵਾਉਣ ਦਾ ਕੀ ਲਾਭ !

ਉਂਜ ਉਸ ਵਿਅਕਤੀ ਨੂੰ ਆਮ ਆਦਮੀ ਸਮਝ ਨਹੀਂ ਸਕਦਾ ਜਿਸ ਦਾ ਮਨ ਹੋਰ ਤੇ ਮੁੱਖ ਹੋਰ ਹੁੰਦਾ ਹੈ। ਐਸੇ ਵਿਅਕਤੀ ਦੀ ਗੱਲ ਵੀ ਐਵੇਂ ਗੱਲ ਚੋਂ ਗੱਲ ਨਹੀਂ ਕਿਉਂਕਿ ਅਖਾਣ, ਕੱਛ ਵਿਚ ਛੁਰੀ ਮੂੰਹ ਵਿਚ ਰਾਮ ਰਾਮ, ਅਟਲ ਸਚਾਈ ਦਾ ਹੀ ਪ੍ਰਗਟਾਵਾ ਕਰਦਾ ਹੈ। ਇਸ ਮਿੱਠੀ ਛੁਰੀ ਦੀ ਮਾਰ ਤੋਂ ਬੱਚਣਾ ਬੜਾ ਔਖਾ ਹੈ। ਕਿਉਂਕਿ ਮਨ ਹੋਰ ਤੇ ਮੁੱਖ ਹੋਰ ਵਾਲਾ ਵੇਖਣ ਬੋਲਣ ਸਮੇਂ ਵਿਚਾਰਾ ਜਿਹਾ ਲਗਦਾ ਹੈ, ਜਿਸ ਨੂੰ ਪਿਆਰ ਹਮਦਰਦੀ ਦੀ ਲੋੜ ਹੈ।

ਮਨ ਹੋਰ ਮੁੱਖ ਹੋਰ ਰੱਖਣ ਵਾਲਾ ਵਿਅਕਤੀ ਐਸਾ ਕਾਰਜ ਗਿਣੀ ਮਿਥੀ ਚਾਲ ਅਧੀਨ ਰਚਨਾ ਹੈ। ਉਸ ਦਾ ਕੋਈ ਸਵਾਰਥ ਹੁੰਦਾ ਹੈ। ਭਾਵੇਂ ਕਿਸੇ ਦੀ ਜ਼ਮੀਨ ਜਾਇਦਾਦ ਤੇ ਕਬਜ਼ਾ ਕਰਨਾ ਹੋਵੇ, ਮਿੱਠੇ ਬਣ ਕੇ ਜਾਂ ਕਿਸੇ ਦਾ ਸਭ ਤੋਂ ਅਜ਼ੀਜ਼ ਨਿਕਟਵਰਤੀ ਬਣ ਕੇ ਕੋਈ ਪ੍ਰਭੁਤਾ, ਮਾਣ-ਸਨਮਾਨ, ਸ਼ਕਤੀ ਹਥਿਆਉਣਾ ਹੋਵੇ, ਉਸ ਨੇ ਆਪਣੀ ਗਵਾਚੀ ਸਾਖ ਵੀ ਕਾਇਮ ਕਰਨੀ ਹੋ ਸਕਦੀ ਹੈ।

ਐਸੇ ਵਿਅਕਤੀ ਦੇ ਮਨ ਵਿਚ ਮੈਲ ਹੁੰਦੀ ਹੈ, ਜੋ ਉਜਲੇਪਨ ਦੇ ਲੇਪ ਥੱਲੇ ਦਿਸਦੀ ਨਹੀਂ। ਐਸੇ ਵਿਅਕਤੀ ਕੋਲ ਵਿਸਰੀਆਂ ਦਲੀਲਾਂ ਹੁੰਦੀਆਂ ਹਨ ਜੋ ਖੰਡ ਵਿਚ ਲਿਬੇੜੀਆਂ ਮਿੱਠੇ ਬੋਲ ਹੁੰਦੇ ਹਨ। ਜਿਨ੍ਹਾਂ ਦੀ ਅਸਲੀਅਤ ਪਛਾਣਨਾ ਸੌਖਾ ਨਹੀਂ। ਉਸ ਦੀ ਕਲਮ ਦੋਹਰੀ ਮਾਰ ਕਰਦੀ ਹੈ। ਉਹ ਆਪਣੇ ਪ੍ਰਤੀ ਨਫ਼ਰਤ ਦਾ ਵਾਤਾਵਰਨ ਸਿਰਜਦਾ ਹੈ। ਜਦੋਂ ਤਕ ਅਸਲੀਅਤ ਸਾਹਮਣੇ ਆਉਂਦੀ ਹੈ ਉਹ ਆਪਣੇ ਸੀਸ ਨਿਵਾਉਣ ਜਾਂ ਹਲੀਮੀ ਦਾ ਮੁੱਲ ਵੱਟ ਚੁੱਕਾ ਹੁੰਦਾ ਹੈ।

ਪਰ ਸਿਆਣੇ ਵਿਅਕਤੀ ਐਸੇ ਲੋਕਾਂ ਤੋਂ ਬਚਦੇ ਹਨ। ਉਹ ਉਸਦੇ ਮੁਲੰਮੇ ਨੂੰ ਸੋਨਾ ਨਹੀਂ ਸਮਝਦੇ। ਉਹ ਦੂਜਿਆਂ ਨੂੰ ਵੀ ਸਮਝਾਉਂਦੇ ਹਨ ਕਿ ਐਸਾ ਵਿਅਕਤੀ ਕਪਟੀ ਹੈ, ਛਲੀਆ ਹੈ, ਕੁਚਲ ਤੇ ਕਠੋਰ ਹੈ ਉਸ ਤੋਂ ਸਾਵਾਧਾਨ ਰਹਿਆ ਜਾਏ ਕਿਉਂਕਿ

***-ਅੰਤਰਿ ਅਗਿਆਨੁ ਭਈ ਮਤਿ ਮਧਿਮ***
***ਸਤਿਗੁਰ ਕੀ ਪਰਤੀਤਿ ਨਾਹੀ।।***
***ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ***
***ਕਪਟੇ ਖਪਹਿ ਖਪਾਹੀ।। ਮਹਲਾ 5***
***-ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ***
***ਹਿਰਦਾ ਸੁਧੁ ਨ ਹੋਈ।।***
***ਅਨਦਿਨੁ ਕਰਮ ਕਰਹਿ ਬਹੁਤੇਰੇ***
***ਸੁਪਨੇ ਸੁਖੁ ਨ ਹੋਈ।। ਮਹਲਾ 5***

ਏਸੇ ਕਰਕੇ ਉਹ ਵਧ ਮਿੱਠਾ ਬੋਲਦਾ ਹੈ। ਵੱਧ ਪ੍ਰਭਾਵਸ਼ਾਲੀ ਲਿਖਦਾ ਹੈ ਪਰ ਤਸੱਲੀ ਉਸ ਦੀ ਹੁੰਦੀ ਹੀ ਨਹੀਂ। ਦਸਵੇਂ ਪਾਤਸ਼ਾਹ ਨੇ ਆਪਣੀ ਬਾਣੀ ਅਕਾਲ ਉਸਤਤ ਵਿਚ ਵਖਾਲਾ ਕਰਨ ਵਾਲਿਆਂ ਪੁਰਸ਼ਾਂ ਤੇ ਜੀਵਾਂ ਦੀਆਂ ਕੁਝ ਮਿਸਾਲਾਂ ਦਿੱਤੀਆਂ ਹਨ ਕਿ ਉਹਨਾਂ ਦਾ ਝੁਕਣਾ ਪਾਖੰਡ ਹੈ, ਦਿਖਾਵਾ ਹੈ। ਇਸ ਨਾਲ ਉਹਨਾਂ ਨੂੰ ਮੰਜ਼ਿਲ ਤੇ ਪਹੁੰਚਣ ਦਾ ਸੁੱਖ ਪ੍ਰਾਪਤ ਨਹੀਂ ਹੁੰਦਾ। ਉਹ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਆਤਮਿਕ ਸੁਖ ਨਹੀਂ ਲੈ ਸਕਦੇ।

***ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ***
***ਪੋਸਤੀ ਅਨੇਕਦਾ ਨਿਵਾਵਤ ਹੈ ਸੀਸ ਕੋ।।***
***ਕਹਾ ਭਇਓ ਮੱਲ ਜੋ ਪੈ ਕਾਢਤ ਅਨੇਕ ਡੰਡ***
***ਸੋ ਤੌ ਨ ਡੰਡੋਤ ਅਸਟਾਂਗ ਅਥਤੀਸ ਕੌ।।***
***ਕਹਾ ਭਇਓ ਰੋਗੀ***
***ਜੋ ਪੈ ਡਾਰਿਓ ਰਹਿਓ ਉਰਧ ਮੁਖ***
***ਮਨ ਤੇ ਨ ਮੂੰਡ ਨਿਹਰਾਇਓ***
***ਆਦਿ ਈਸ ਕੌ।।***
***ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ ਏਕ***
***ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੌ।।***

ਝੁਕਦੇ ਤੇ ਤੋਪਚੀ, ਪੋਸਤੀ ਵੀ ਨੇ। ਡੰਡ ਕਢਦੇ ਨੇ ਪਹਿਲਵਾਨ ਪਰ ਉਹ ਝੁਕਣਾ, ਡੰਡ ਕੱਢਣੇ, ਡੰਡੌਣ ਨਹੀਂ। ਨਾ ਪ੍ਰਭੂ ਨੂੰ ਅੱਠਾਂ ਅੰਗਾਂ ਨੂੰ ਝੁਕਾ ਕੇ ਪ੍ਰਣਾਮ ਹੈ। ਨਾ ਰੋਗੀ ਦਾ ਮੂਧੜੇ ਮੂੰਹ ਪੈਣਾ ਸੀਸ ਨਿਵਾਉਣਾ ਹੈ। ਕਿਉਂਕਿ ਭਾਵਨਾ ਸ਼ੁੱਧ ਨਹੀਂ। ਸੋ ਪ੍ਰਭੂ ਕਿਵੇਂ ਪਾਇਆ ਜਾ ਸਕਦਾ ਹੈ। ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਕੰਨ ਵਿਚ ਕੰਨ-ਖਜੂਰਾ ਪੈ ਜਾਣ ਨਾਲ ਜਾਂ ਮਿੱਤਰ ਪੁੱਤਰ ਦੇ ਗੁਜਰ ਜਾਣ ਦੇ ਸੋਗ ਕਾਰਨ ਸਿਰ ਮਾਰਨ, ਅੱਕ ਧਤੂਰਾ ਖਾਣ, ਭੇਡਾਂ ਦੇ ਰੁੱਖਾਂ ਨਾਲ ਮੱਥਾ ਰਗੜਨ, ਮਿੱਟੀ ਖਾਣ, ਰੁੱਖਾਂ ਵਾਂਗ ਇਕ ਪੈਰ ਤੇ ਖਲ੍ਹੋਣ, ਪੱਥਰਾਂ ਵਾਂਗ ਟਿੱਕੇ ਰਹਿਣ, ਕਾਵਾਂ ਇੱਲਾਂ ਵਾਂਗ ਫਿਰਦੇ ਰਹਿਣ ਨੂੰ ਪ੍ਰੇਮ ਤੋਂ ਸੱਖਣ ਸਮਝਦੇ ਹਨ। ਪਾਖੰਡ ਇਹਨਾਂ ਵਰਗਾ ਕਰਮ ਹੈ।

ਪਾਖੰਡੀ, ਛਲੀਏ, ਕਪਟੀ ਦਾ ਕੰਮ ਛਲਣਾ ਹੈ। ਉਹ ਕੋਈ ਭੇਖ ਧਾਰਨ ਕਰ ਸਕਦਾ ਹੈ, ਕੋਈ ਸ਼ਬਦ ਜਾਲ ਵਿਛਾ ਸਕਦਾ ਹੈ। ਕਿੰਨੀ ਵੀ ਭਗਤੀ ਕਰਨ ਦਾ ਦਿਖਾਵਾ ਕਰ ਸਕਦਾ ਹੈ ਪਰ ਇਹ ਭਗਤੀ ਜਾਂ ਸਮਰਪਣ ਭਾਵ ਨਹੀਂ ਇਹ ਤਾਂ ਭੋਲੇ ਭਾਲੇ ਲੋਕਾਂ ਨੂੰ ਭਰਮਾਉਣ ਵਾਸਤੇ ਹਨ-

***ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ***
***ਕਬਹੂੰ ਸੰਨਿਆਸੀ ਭੇਸ ਬਨ ਕੈ ਦਿਖਾਵਈ।।***
***ਕਹੂੰ ਪਉਨਹਾਰੀ ਕਹੂੰ ਬੈਠੇ ਲਾਇ ਤਾਰੀ ਕਹੂੰ***
***ਲੋਭ ਕੀ ਖੁਮਾਰੀ ਸੌ ਅਨੇਕ ਗੁਨ ਗਾਵਈ।।***
***ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ***
***ਕਹੂੰ ਡੰਡਧਾਰੀ ਹੁਇਕੈ ਲੋਗਨ ਭ੍ਰਮਾਵਈ।।***
***ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਤ ਸੋ***
***ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ।।***
**(ਅਕਾਲ ਉਸਤਤ)**

ਅਸਲ ਵਿਚ ਦਿਖਾਵੇ ਮਾਤਰ ਸੀਸ ਝੁਕਾਉਣ ਵਾਲੇ ਦਾ ਮੰਤਵ ਬ੍ਰਹਮ ਲੋਕ ਪਾਉਣਾ ਨਹੀਂ ਹੁੰਦਾ। ਉਹਨਾਂ ਨੇ ਤਾਂ ਸੰਸਾਰਕ ਦਿਖਾਵੇ ਦਾ ਲਾਭ ਉਠਾ ਕੇ ਆਪਣੀਆਂ ਰੋਟੀਆਂ ਸੇਕਣੀਆਂ ਹੁੰਦੀਆਂ ਹਨ। ਗੁਰੂ ਨਾਲ ਉਸ ਦੇ ਸੰਬੰਧਾਂ ਬਾਰੇ ਤੀਜੇ ਪਾਤਸ਼ਾਹ ਲਿਖਦੇ ਹਨ :

***ਭੇਖ ਕਰੈ ਗੁਰ ਸਬਦੁ ਨ ਕਮਾਏ।।***
***ਅੰਤਰਿ ਰੋਗੁ ਮਹਾ ਦੁਖੁ ਭਾਰੀ***
***ਬਿਸਟਾ ਮਾਹਿ ਸਮਾਹਾ ਹੇ।। (ਮਹਲਾ 3)***

ਉਹਨਾਂ ਦੇ ਕਪਟੀ ਸੁਭਾਅ ਬਾਰੇ ਤੀਜੇ ਪਾਤਸ਼ਾਹ ਲਿਖਦੇ ਹਨ-

***ਜੀਅਹੁ ਮੈਲੇ ਬਾਹਰਹੁ ਨਿਰਮੁਲ।।***
***ਬਾਹਰਹੁ ਨਿਰਮਲ ਜੀਅਹੁ ਤ ਮੈਲੇ***
***ਤਿਨੀ ਜਨਮੁ ਜੂਐ ਹਾਰਿਆ।।***

ਦਸਵੇਂ ਪਾਤਸ਼ਾਹ ਜ਼ਫ਼ਰਨਾਮੇ ਵਿਚ ਔਰੰਗਜ਼ੇਬ ਨੂੰ ਲਿਖਦੇ ਹਨ ਕਿ ਦਿਲ ਵਿਚ ਹੋਰ ਤੇ ਮੂੰਹ ਵਿਚ ਹੋਰ ਦੀ ਥਾਂ ਬਚਨ ਦਾ ਪੂਰਾ ਮਰਦ ਕਿਤੇ ਚੰਗਾ ਹੈ :

***ਹਮੂ ਮਰਦ ਬਾਯਦ ਸ਼ਵਦ ਸੁਖਨ ਵਰ।।***
***ਨ ਸ਼ਿਕਮੇ ਦਿਗਰ, ਦਰ ਦਹਾਨੇ ਦਿਗਰ।।***

ਮਿੱਠੀਆਂ ਮਿੱਠੀਆਂ ਗੱਲਾਂ ਕਰਨ ਵਾਲਾ ਵਿਅਕਤੀ, ਜੋ ਮਨ ਵਿਚ ਛਲ ਕਪਟ ਰੱਖ ਰਿਹਾ ਹੈ, ਦੁਸ਼ਟ ਕਿਹਾ ਜਾ ਸਕਦਾ ਹੈ। ਉਸਦੇ ਉਲਟ ਸਤਿਗੁਰੂ ਤਾਂ ਸਤਿਪੁਰਖ ਹੈ ਕਿਉਂਕਿ ਉਹ ਸੱਚ-ਸੁੱਚ ਅਪਣਾਉਂਦਾ ਤੇ ਦ੍ਰਿੜਾਉਂਦਾ ਹੈ। ਉਹਦੇ ਹਿਰਦੇ ਦੀ ਗੱਲ ਹੀ ਉਸਦੇ ਪਵਿੱਤਰ ਬਚਨ ਹਨ। ਇਹ ਵਖਾਲਾ ਨਹੀਂ ਹਨ। ਗੁਰ ਬਿਲਾਸ ਪਾਤਸ਼ਾਹ 10 ਦਾ ਕਰਤਾ ਲਿਖਦਾ ਹੈ :

*ਹਿਰਦੈ ਔ ਮੁਖ ਗੁਰੂ ਕੇ ਏਕ*
*ਬਾਤ ਸਦ ਹੋਇ।।*
*ਦੁਸਟਿ ਜੀਵ ਰਿਦ ਕਪਟਿ ਧਰ*
*ਮੁਖ ਮੀਠਾ ਰਹਿ ਸੋਇ।।*

ਐਸੇ ਵਿਅਕਤੀ ਦੇ ਸੀਸ ਝੁਕਾਉਣ ਉਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਕਿਸੇ ਵਿਅਕਤੀ ਬਾਰੇ ਧਾਰਨਾ ਹੈ ਕਿ ਉਹ ਸੱਚੀ-ਮੁੱਚੀ ਕਿਸੇ ਹਸਤੀ ਪ੍ਰਤੀ ਆਦਰ ਪ੍ਰਗਟ ਕਰ ਰਿਹਾ ਹੈ ਜਾਂ ਵਖਾਲਾ ਕਰ ਰਿਹਾ ਹੈ, ਇਕ ਦਿਨ ਵਿਚ ਹੀ ਨਹੀਂ ਬਣ ਜਾਂਦੀ। ਉਸ ਪਿਛੇ ਉਸਦਾ ਜੀਵਨ ਇਤਿਹਾਸ ਤੇ ਘਟਨਾ ਲੜੀ ਹੁੰਦੀ ਹੈ। ਉਸ ਪਿਛੇ ਉਸਦਾ ਮਿੱਤਰ ਵਰਗ ਹੁੰਦਾ ਹੈ ਕਿਉਂਕਿ ਮਨੁੱਖ ਆਪਣੀ ਸੰਗਤ ਤੋਂ ਪਛਾਣਿਆ ਜਾਂਦਾ ਹੈ। ਜੈਸੀ ਸੰਗਤ ਵੈਸੀ ਰੰਗਤ ਹੁੰਦੀ ਹੈ। ਇਕ ਹੋਰ ਅਖਾਣ ਹੈ ਕਿ ਗੋਰੇ ਨਾਲ ਕਾਲਾ ਬੈਠੇਗਾ ਰੰਗ ਨ ਵਟਾਏਗਾ ਤਾਂ ਮੱਤ ਜ਼ਰੂਰ ਲੈ ਲਏਗਾ। ਜੇ ਸੰਗਤ ਐਸੀ ਹੈ ਜਿਸਨੂੰ ਧਰਮ ਨਾਲੋਂ ਧੜਾ ਪਿਆਰਾ ਹੈ, ਜਿਸ ਦਾ ਸੀਸ ਕਿਸੇ ਝੁਕਾਉਣ ਬਾਰੇ ਸੋਚੇ ਵੀ ਤਾਂ ਕਾਮਯਾਬ ਨਹੀਂ ਹੋ ਸਕਦਾ। ਏਨੀ ਉਹ ਦਲੇਰੀ ਕਰ ਨਹੀਂ ਸਕਦਾ ਜਾਂ ਕਰਨਾ ਨਹੀਂ ਚਾਹੁੰਦਾ ਕਿ ਸਭ ਛੱਡ ਛੱਡਾ ਕੇ ਕਹੇ ਕਿ ਮੈਂ ਨਹੀਂ ਤੂੰ। ਪਰ ਜੇ ਆਏ ਤਾਂ ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ।। ਵਖਾਲੇ ਵਜੋਂ ਸੀਸ ਝੁਕਾਉਣ ਵਾਲਾ ਉਂਜ ਵੀ ਅਸਲੀ ਰੂਪ ਵਿਚ ਸੀਸ ਝੁਕਾਉਣ ਦੀ ਥਾਂ ਬੋਲੇ ਜਾਂ ਲਿਖੇ ਸ਼ਬਦਾਂ ਵਿਚ ਸਿਰ ਨਿਵਾਉਂਦਾ ਹੈ। ਅਮਲੀ ਰੂਪ ਵਿਚ, ਜਿਸ ਨੂੰ ਸੀਸ ਝੁਕਾਉਣ ਦਾ ਨਾਟਕ ਕਰਦਾ ਹੈ ਉਸਦੀ ਰਾਮਕਾਰ ਵਿਚ ਨਹੀਂ ਆਉਂਦਾ।

ਗੁਰੂ ਨਾਨਕ ਦੇਵ ਜੀ ਜਿਥੇ ਆਸਾ ਦੀ ਵਾਰ ਦੇ ਸਲੋਕ ਵਿਚ, ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ, ਨੂੰ ਤੱਤ ਰੂਪ ਵਿਚ ਪੇਸ਼ ਕਰਦੇ ਹਨ, ਉਥੇ ਉਸਦੀ ਦੁਰਵਰਤੋਂ ਕਰਨ ਵਾਲਿਆਂ ਵਿਚੋਂ ਸ਼ਿਕਾਰੀ ਦੀ ਠੋਸ ਮਿਸਾਲ ਦੇ ਕੇ ਬਾਣੀ ਵਿਚ ਅੰਕਿਤ ਕਰਦੇ ਹਨ :

***ਅਪਰਾਧੀ ਦੂਣਾ ਨਿਵੈ***
***ਜੋ ਹੰਤਾ ਮਿਰਗਾਹਿ।।***
***ਸੀਸ ਨਿਵਾਈਐ ਕਿਆ ਥੀਐ***
***ਜਾ ਰਿਦੈ ਕੁਸੁਧੇ ਜਾਹਿ।।***

ਨਿਮਰਤਾ ਵਰਗੇ ਗੁਣਾਂ ਦੇ ਤੱਤ ਨੂੰ ਹਥਿਆਰ ਬਣਾ ਕੇ ਵਰਤਣ ਵਾਲੇ ਵਿਅਕਤੀ ਹਰ ਯੁੱਗ ਵਿਚ ਹੋ ਸਕਦੇ ਹਨ। ਹਰ ਜੀ ਹੋਸ਼ ਵਿਅਕਤੀ ਨੇ ਉਹਨਾਂ ਦੀ ਤਿਲਕਣ ਬਾਜ਼ੀ ਤੋਂ ਆਪਣੇ ਆਪ ਨੂੰ ਬਚਾਉਣਾ ਹੁੰਦਾ ਹੈ। ਇਸ ਤਰ੍ਹਾਂ ਉਹ ਹਿਰਦੇ ਵਿਹੀਨ ਸਿਰ ਝੁਕਾਉਣ ਵਾਲੇ ਨੂੰ ਪਛਾਨਣ ਦਾ ਸੰਕੇਤ ਦੇ ਰਹੇ ਹੋਣਗੇ ਜਿਸ ਨਾਲ ਹੋ ਸਕਦਾ ਹੈ ਕਿ ਦੂਜਾ ਵਿਅਕਤੀ ਸਮਝ ਤੇ ਸੰਭਲ ਜਾਏ ਤੇ ਉਹ ਵੀ ਸੱਚੇ ਦਿਲੋਂ ਸੀਸ ਝੁਕਾਉਣ ਦਾ ਰਸਤਾ ਅਖਤਿਆਰ ਕਰ ਲਵੇ।

**-ਤਾਰਾ ਸਿੰਘ ਅਨਜਾਣ**

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

**ਕਰਤਾ : ਸੰਤ ਕਾਲਾ ਸਿੰਘ ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

## ਸ੍ਰੀ ਸਤਿਗੁਰੂ ਜੀ ਨੇ ਦਰਬਾਰ ਦਰਸ਼ਨ ਕਰਨ ਨੂੰ ਜਾਣਾ

ਸਤਿਗੁਰ ਆਖਦੇ ਲਾਓ ਤਨਖਾਹ ਸਾਨੂੰ ਜਥਾ ਯੋਗ ਕਰਕੇ ਕੰਮਕਾਰ ਸਾਰੇ।
ਜਥਾ ਜੋਗ ਤਨਖਾਹ ਮਨਜੂਰ ਸਾਨੂੰ ਢੰਗੇ ਮਾਰੋ ਨਾਂ ਕਰੋ ਵਿਚਾਰ ਸਾਰੇ।
ਤਾਕਤ ਗੁਰੂ ਦੇਵੇ ਕਰਾਂ ਤਾਲ ਪੱਕਾ ਚਾੜ ਦੇਵਾਂ ਸੁਬਰਨ ਗੁਰਦੁਵਾਰ ਸਾਰੇ।
ਇਕ ਆਂਣ ਪੁਜਾਰੀ ਸਲਾਹਿ ਦਿੰਦਾ ਕਪਟੀ ਚਿੱਤ ਬਦ ਬਖਤ ਬਦਕਾਰ ਸਾਰੇ।
ਤੰਬੂ ਸਾਹਿਬ ਦਾ ਸੀ ਮਹੰਤ ਭਾਰਾ ਬਣਿਆਂ ਆਣ ਕੇ ਸੀ ਜਥੇਦਾਰ ਸਾਰੇ।
ਕੋਈ ਨੀਲ ਨ ਪੈਨਦਾ ਨਾਮਧਾਰੀ ਨੀਲੇ ਰੰਗ ਤੇ ਕਰਨ ਅਨਕਾਰ ਸਾਰੇ।
ਸਿਰੋ ਪਾਓ ਨੀਲਾ ਦੇਵੋ ਰਾਮ ਸਿੰਘ ਨੂੰ ਇਹੋ ਠਾਣ ਲੀਨਾ ਇਕੇਵਾਰ ਸਾਰੇ।
ਓਨਾਂ ਦਿਤਾ ਤੇ ਸਤਿਗੁਰ ਧਾਰ ਲੀਤਾ ਹੱਥ ਜੋੜ ਕੀਤੀ ਨਮਸ਼ਕਾਰ ਸਾਰੇ।
ਰੌਲਾ ਫਿਰ ਪੁਜਾਰੀਆਂ ਆਣ ਕੀਤਾ ਜਿਵੇਂ ਮੁਗਦ ਪਾਵਣ ਬਭਕਾਰ ਸਾਰੇ।
ਆਖਣ ਨੀਲ ਤਾਂ ਇਨਾਂ ਨੇ ਪੈਹਨ ਲੀਤਾ ਨਹੀ ਕਰੀਜੇ ਕੁੱਝ ਅਨਕਾਰ ਸਾਰੇ।
ਆਖਣ ਏਹ ਤਨਖਾਹਿ ਨਾ ਅਸੀ ਲੌਣੀ ਲਾਈਏ ਹੋਰ ਤਨਖਾਹ ਵਿਚਾਰ ਸਾਰੇ।
ਸਤਿਗੁਰ ਕਹਣ ਦਿਖਾਊ ਤਨਖਾਹਿ ਲਾਕੇ ਦਰਸਨ ਫੇਰ ਕਰਸਾਂ ਗੁਰਦੁਵਾਰ ਸਾਰੇ।

# ਵੈਸਾਖੀ ਦਾ ਖਾਲਸਾ... (ਬਾਕੀ ਸਫਾ 1 ਦੀ)

ਹਜ਼ੂਰ ਨੇ ਆਪਣੀ ਤਲਵਾਰ ਮਿਆਨੋ ਕੱਢ ਕੇ ਇਹ ਗਰਜਨਾ ਕੀਤੀ,

"ਮੈਨੂੰ ਇਕ ਸਿਰ ਦੀ ਲੋੜ ਹੈ !"

ਇਹ ਇਕ ਐਹੋ ਜਹੀ ਗਰਜਨਾ ਸੀ ਜਿਸ ਨਾਲ ਹਾਜ਼ਰ ਸੰਗਤ ਦਾ ਹਜੂਮ ਦਹਿਲ ਗਿਆ, ਖ਼ਲਬਲੀ ਮਚ ਗਈ । ਹਜ਼ੂਰ ਨੇ ਫਿਰ ਪੁਕਾਰ ਕੀਤੀ .

" ਮੈਨੂੰ ਇਕ ਸਿਰ ਦੀ ਲੋੜ ਹੈ ! ਹੈ ਕੋਈ ਸਿਰ ਦੇਣ ਵਾਲਾ ?"

ਇਕ ਨਿਮਾਣਾ ਸਿੱਖ ਮੈਦਾਨ ਵਿਚ ਨਿਤਰਿਆ ਜਿਸਨੇ ਆਪਣਾ ਸਿਰ ਤਲੀ ਤੇ ਰੱਖ ਗੁਰੂ ਜੀ ਨੂੰ ਅਰਪਣ ਕਰ ਦਿਤਾ – ਇੰਵੇ ਹੀ ਚਾਰ ਹੋਰ ਸੂਰਮੇ ਨਿਤਰੇ ਜਿਨ੍ਹਾਂ ਨੂੰ ਸਨਮਾਨ ਨਾਲ ਸਿੱਖ ਪੰਥ ਵਿਚ "ਪੰਜ ਪਿਆਰੇ" ਕਰ ਕੇ ਜਾਣਿਆ ਜਾਂਦਾ ਹੈ ।

ਇਨ੍ਹਾਂ ਪੰਜਾਂ ਨੂੰ ਗੁਰੂ ਜੀ ਨੇ "ਅੰਮ੍ਰਿਤ" ( ਅ-ਮ੍ਰਿਤੂ – ਜਿਸ ਨਾਲ ਨਾ ਹੋਵੇ ਮੌਤ – ਅਮਰ ਕਰਨ ਵਾਲਾ) ਛਕਾ ਕੇ ਹਮੇਸ਼ਾਂ ਲਈ ਸਿੱਖ ਪੰਥ ਨੂੰ ਵੀ ਅਮਰ ਕਰ ਦਿਤਾ ।

ਇਨ੍ਹਾਂ ਪੰਜਾਂ ਦੇ ਨਾਮ ਭਾਈ ਦਯਾ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਅਤੇ ਸਾਹਿਬ ਸਿੰਘ ਰਖਿਆ । ਇਨ੍ਹਾਂ ਨਾਵਾਂ ਦਾ ਵੀ ਇਕ ਫਲਸਫਾ ਹੈ – ਜਿਵੇਂ ਮਨੁੱਖ

ਸ਼ਾਂਤੀ ਅਤੇ 'ਦਯਾ' ਨਾਲ ਉਚੇ ਆਦਰਸ਼ 'ਧਰਮ' ਦੀ ਪ੍ਰਾਪਤੀ ਕਰਦਾ ਹੈ ਅਤੇ ਇਸੇ ਉਚੇ ਜੀਵਨ ਦੇ ਲਕਸ਼ ਲਈ ਉਸ ਵਿਚ 'ਹਿੰਮਤ' ਆਵੱਸ਼ਕ ਹੈ – ਅਤੇ ਫਿਰ ਓਹ ਧਰਮ ਜਾਂ ਆਪਣੇ ਕਾਇਦੇ ਕਾਨੂੰਨ ਵਿਚ ਆਕੇ 'ਮੋਹਕਮ' ਹੋ ਜਾਂਦਾ ਹੈ ਅਤੇ ਮਨੁੱਖ ਇਕ ਮਹਾਨ ਆਦਰਸ਼ਵਾਦੀ ਬਣਕੇ 'ਸਾਹਿਬ' ਕਹਿਲੌਣ ਦਾ ਹੱਕਦਾਰ ਬਣ ਜਾਂਦਾ ਹੈ ।

ਇਹੋ ਇਕ ਗੁਰੂ ਸਾਹਿਬ ਜੀ ਦੀ ਖਾਲਸੇ ਪ੍ਰਤੀ ਮਹਾਨ ਦੇਣ ਹੈ, ਜਿਸਨੂੰ ਕੇ ਖਾਲਸਾ ਇਨ੍ਹਾਂ ਨਿਯਮਾਂ ਤੇ ਚਲਕੇ ਉਸ ਅਕਾਲ ਪੁਰਖ ਦੇ ਆਸ਼ੇ ਤੇ ਅਮਲ ਕਰੇ ਅਤੇ ਅਸਲੀ "ਖਾਲਸਾ" ਕਹਿਲਾਵੇ ।■

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਨਾਮ ਜਪਣ ਤੋਂ ਰਸਨਾ ਵਿਹਲੀ ਨਾ ਰਵ੍ਹੇ



*ਅੰਮ੍ਰਿਤ ਵੇਲੇ ਦਾ ਉਠਣਾ, ਬਹੁਤ ਘਟ ਗਿਐ ਸਾਡੇ ਵਿਚੋਂ, ਇਹ ਦੁਬਾਰਾ ਚਾਲੂ ਕਰੋ। ਸਾਡਾ ਨਾਂ 'ਨਾਮਧਾਰੀ' ਸਤਿਗੁਰਾਂ ਨੇ ਰਖਿਐ। ਮੇਰਾ ਨਹੀਂ ਖਿਆਲ ਕਿ ਜਿੰਨੇ ਅਸੀਂ ਏਥੇ ਬੈਠੇ ਹਾਂ, ਉਹਨਾਂ ਵਿਚੋਂ ਸਾਰਾ ਦਿਨ ਕੋਈ ਨਾਮ ਜਪਦਾ ਹੋਵੇ। ਇਕ ਘੰਟਾ ਨਾਮ ਜਪਣ ਨੂੰ ਵੀ ਜੀਅ ਨਹੀਂ ਕਰਦਾ। ਇਕ-ਇਕ ਘੰਟਾ ਨਾਮ ਸਿਮਰਨ ਹਰ ਜੀਅ ਪ੍ਰਤੀ ਪੱਕਾ ਕਰੋ ਸਾਰੇ ਜਣੇ। ਜਿਸ ਵੇਲੇ ਤੁਸੀਂ ਖਰਾਦ ਦਾ ਕੰਮ ਕਰਦੇ ਹੋ, ਦੁਕਾਨ ਵਿਚ ਵਿਹਲੇ ਬੈਠੇ ਹੁੰਦੇ ਹੋ, ਕਾਰ ਵਿਚ ਜਾਂਦੇ ਹੋ, ਸਾਈਕਲ ਤੇ ਜਾਂਦੇ ਹੋ, ਪੈਦਲ ਜਾਂਦੇ ਹੋ, ਉਸ ਵੇਲੇ ਵੀ ਨਾਮ ਜਪਿਆ ਕਰੋ, ਰਸਨਾ ਹਿਲਾ ਕੇ, ਰਸਨਾ ਕਿਸੇ ਵੇਲੇ ਵੀ ਵਿਹਲੀ ਨਾ ਰਵ੍ਹੇ।*

## ਬੱਚਿਆਂ ਨੂੰ ਨਾਮ ਸਿਮਰਨ ਦੀ ਜਾਚ ਦੱਸੋ

*ਆਪੋ ਆਪਣੇ ਘਰਾਂ ਵਿਚ ਬੈਠ ਕੇ ਬੱਚਿਆਂ ਨੂੰ ਨਾਲ ਬਿਠਾ ਕੇ ਨਾਮ ਸਿਮਰਨ ਕਰਿਆ ਕਰੋ। ਜਿਵੇਂ ਰੋਟੀ ਖਾਣ ਦੀ ਜਾਚ ਦੱਸਦੇ ਹੋ, ਕੱਪੜੇ ਪਾਣ ਦੀ ਜਾਚ ਦੱਸਦੇ ਹੋ, ਜਿਵੇਂ ਸਕੂਲੇ ਜਾਣ ਦੀ ਜਾਚ ਦੱਸਦੇ ਹੋ-ਨਾਮ ਸਿਮਰਨ ਕਰਨ ਦੀ ਜਾਚ ਵੀ ਬੱਚਿਆਂ ਨੂੰ ਦੱਸਿਆ ਕਰੋ।*

# ਗੁਰ ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ



## ਸਾਦੇ ਅਨੰਦ ਕਾਰਜ ਸਤਿਗੁਰੂ ਜੀ ਨੇ ਦਿੱਤੇ

*ਇਕ ਵਾਰੀ ਉਹਨਾਂ ਨੂੰ ਯਾਦ ਕਰੀਏ ਜਿਨ੍ਹਾਂ ਖਾਲਸਾ ਪੰਥ ਸਾਜਿਆ ਅਤੇ ਹੋਲੇ ਦੀ ਰੀਤ ਚਲਾਈ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਜਿੰਨ੍ਹਾਂ ਸੱਚੇ ਪਾਤਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਤੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ, ਉਨ੍ਹਾਂ ਸੱਚੇ ਪਾਤਸ਼ਾਹ ਨੂੰ ਵੀ ਇਕ ਵਾਰੀ ਯਾਦ ਕਰੀਏ ਆਖੀਏ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ।*

*ਸਾਧ ਸੰਗਤ ਜੀ ਇਹ ਸਾਦਗੀ ਜੋ ਅਨੰਦਾਂ ਦੀ ਤੁਸੀਂ ਵੇਖੀ ਏ, ਇਹ ਅਨੰਦ ਦੀ ਮਰਯਾਦਾ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਦਿੱਤੀ ਏ। ਅਨੰਦ ਦੀ ਮਰਯਾਦਾ ਸਾਰੇ ਸਿੱਖ ਜਗਤ ਵਿਚ ਚਾਲੂ ਹੋਈ ਏ। ਲਾਵਾਂ ਪੜ੍ਹ ਕੇ ਅਨੰਦ ਸਾਹਿਬ ਪੜ੍ਹਕੇ ਇਹ ਅਨੰਦ ਕਾਰਜ ਸ੍ਰੀ ਸਤਿਗੁਰੂ ਜੀ ਨੇ ਸ਼ੁਰੂ ਕੀਤੇ। ਸਾਦਗੀ ਨਾਲ ਜੋੜਿਆ। ਵਿਆਹਵਾਂ ਤੇ ਬਹੁਤ ਖਰਚੇ ਹੋਣ ਲੱਗ ਪਏ ਸੀ। ਉਹ ਸਮਾਂ ਆ ਗਿਆ ਜਦੋਂ ਗਰੀਬ ਆਦਮੀ ਨੂੰ ਲੜਕੀ ਦਾ ਵਿਆਹ ਕਰਨਾ ਬੜਾ ਔਖਾ ਹੋ ਗਿਆ ਸੀ। ਉਦੋਂ ਸਚੇ ਪਾਤਸ਼ਾਹ ਨੇ ਸਾਨੂੰ ਸਾਰੇ ਜੰਜਾਲਾਂ ਵਿਚੋਂ ਕਢਕੇ, ਰੀਤੀ ਰਿਵਾਜਾਂ ਵਿਚੋਂ ਕੱਢਕੇ ਇਕ ਸਾਦੀ ਅਤੇ ਪਵਿੱਤਰ ਅਨੰਦ ਕਾਰਜ ਦੀ ਮਰਯਾਦਾ ਦਿੱਤੀ।*

*ਸਤਿਗੁਰੂ ਜਗਜੀਤ ਸਿੰਘ ਜੀ ਨੇ ਅਨੰਦ ਮਰਯਾਦਾ ਨੂੰ ਹੋਰ ਵੀ ਸਾਦਾ ਕੀਤਾ ਤੇ ਸਾਨੂੰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੀ ਯਾਦ ਨਹੀਂ ਭੁੱਲਣ ਦਿੱਤੀ।*

*ਅੱਜ 11 ਅਨੰਦ ਕਾਰਜ ਹੋਏ ਨੇ। ਅਸੀਂ ਬੜੇ ਮਾਣ ਨਾਲ ਕਹਿੰਦੇ ਹਾਂ, ਨਿਰੇ ਅਸੀਂ ਨਹੀਂ ਕਹਿੰਦੇ ਸਾਨੂੰ ਲੋਕੀਂ ਵੀ ਕਹਿੰਦੇ ਨੇ ਕਿ ਨਾਮਧਾਰੀ ਸਿੱਖਾਂ ਦੇ ਅਨੰਦ ਬਹੁਤ ਸਾਦੇ ਹੁੰਦੇ ਨੇ। ਕਈ ਵਾਰੀ ਸੁਣਦੇ ਹਾਂ ਅਸੀਂ ਪਾਰਟੀਆਂ ਵਿਚ ਪੈ ਜਾਂਦੇ ਹਾਂ, ਮੈਰਿਜ ਪੈਲੇਸ ਵਿਚ ਇਕ ਵੱਖਰਾ ਵਿਆਹ ਹੁੰਦਾ ਹੈ। ਅਸੀਂ ਉਹਨਾਂ ਗਲਾਂ ਤੋਂ ਉਪਰ ਉਠੀਏ। ਸਾਡੀ ਸੋਭਾ ਕੋਈ ਨਹੀਂ ਕਰਦਾ ਇਹ ਸਾਡੇ ਮਨ ਵਿਚ ਹੁੰਦਾ ਏ ਕਿ ਸਾਡਾ ਨੱਕ ਵੱਡਿਆ ਜਾਏਗਾ। ਪਰ ਨੱਕ ਸਾਡਾ ਉਦੋਂ ਵੱਡਿਆ ਜਾਂਦਾ ਏ ਜਦੋਂ ਲੋਕ ਆਖਦੇ ਨੇ ਕਿ ਇਹ ਉਥੇ ਕੀ ਕਰਕੇ ਆਇਆ ਏ ਤੇ ਹੁਣ ਇਥੇ ਕੀ ਕਰਨ ਡਿਆ ਏ। ਜਦੋਂ ਅਸੀਂ ਪਾਰਟੀਆਂ ਕਰਦੇ ਹਾਂ ਉਹਦੋਂ ਸਾਨੂੰ ਕੋਈ ਵੀ ਚੰਗਾ ਨਹੀਂ ਕਹਿੰਦਾ। ਨਾ ਸਾਡਾ ਦੀਨ ਰਹਿੰਦਾ ਏ, ਨਾ ਸਾਡੀ ਦੁਨੀਆਂ ਰਹਿੰਦੀ ਏ। ਅਸੀਂ ਬਾਹਰੋਂ ਤੇ ਕੁਝ ਹੋਰ ਬਣਦੇ ਹਾਂ ਅੰਦਰੋਂ ਕੁਝ ਹੋਰ ਹੁੰਦੇ ਹਾਂ। ਉਸ ਚੀਜ਼ ਵਿਚ ਅਨੰਦ ਨਹੀਂ ਆਉਂਦਾ, ਨਾ ਹੀ ਖੁਸ਼ਬੋ ਆਉਂਦੀ ਹੈ। ਸਾਨੂੰ ਇਸ ਗਲ ਦਾ ਮਾਣ ਏ ਅਸੀਂ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸਿੱਖ ਹਾਂ। ਆਪਾਂ ਉਸ ਮਾਣ ਨਾਲ ਜੀਉਂਈਏ। ਤੁਸੀਂ ਇਸ ਅਨੰਦ ਨੂੰ ਇਸ ਤਰ੍ਹਾਂ ਸਾਦਾ ਹੀ ਰਹਿਣ ਦਿਉ। ਇਥੋਂ ਜਾ ਕੇ ਜਾਂ ਇਸ ਤੋਂ ਪਹਿਲਾਂ ਕੋਈ ਪਾਰਟੀ, ਕੋਈ ਦਾਜ ਦਹੇਜ ਦੀ ਮੰਗ ਨਾ ਕਰੋ।*

*ਮੈਨੂੰ ਕਲ ਹਰਪਾਲ ਨੇ ਦੱਸਿਆ ਅਤੇ ਕਲ ਉਹ ਬੋਲਿਆ ਵੀ, ਉਹ ਬੜਾ ਸੋਹਣਾ ਉਦਮ ਹੈ ਹੋਰ ਵੀ ਵਿਦਿਅਕ ਜਥੇ ਦੇ ਸਰੀਰਾਂ ਨੇ ਮੈਨੂੰ ਕਿਹਾ ਅਸੀਂ ਪ੍ਰਣ ਲਵਾਂਗੇ ਉਹਨਾਂ ਬੱਚਿਆਂ ਤੋਂ ਜਿਹੜੇ ਦਾਜ ਨਹੀਂ ਲੈਣਗੇ। ਕੋਈ 22, 23, 24 ਨੌਜਵਾਨਾਂ ਨੇ ਪ੍ਰਣ ਵੀ ਕੀਤਾ ਹੈ ਕਿ ਅਸੀਂ ਦਾਜ ਨਹੀਂ ਲਵਾਂਗੇ।*

*ਉਹ ਟਾਈਮ ਵੀ ਸੀ ਜਦੋਂ ਕੁੜੀਆਂ ਦੇ ਮੁੱਲ ਪੈਂਦੇ ਸੀ, ਹੁਣ ਇਹ ਟਾਈਮ ਆ ਗਿਆ ਹੈ ਕਿ ਇਹ ਇਕ ਮੰਡੀ ਬਣ ਗਈ ਹੈ। ਜੇ ਵਿਆਹ ਹੋਣਾ ਹੈ ਤੇ ਦੇਓਗੇ ਕੀ ? ਗੱਡੀ ਦਿਓਗੇ ਤੇ ਗੱਡੀ ਕਿਹੜੀ ਦਿਓਗੇ, ਮੋਟਰ ਸਾਈਕਲ ਦਿਓਗੇ ਕਿਹੜਾ ਦਿਓਗੇ ? ਸੋਨਾ ਕਿੰਨੇ ਤੋਲੇ ਪਾਓਗੇ ? ਸਾਨੂੰ ਇਹਨਾਂ ਚੀਜ਼ਾਂ ਤੋਂ, ਇਹਨਾਂ ਲਾਲਚਾਂ ਤੋਂ, ਇਸ ਗਲ ਤੋਂ, ਬੜਾ ਉਚਾ ਉਠਾਇਆ ਸਾਡੇ ਸਤਿਗੁਰੂ ਨੇ। ਅਸੀਂ ਮੁੜ ਕੇ ਉਸ ਚਿੱਕੜ ਵਿਚ ਨਾ ਡਿਗੀਏ।*

*ਇਸ ਕਰਕੇ ਮੇਰੀ ਅਰਜ਼ ਬੇਨਤੀ ਏ ਅਸੀਂ ਤਗੜੇ ਹੋ ਕੇ, ਬੜੀ ਪਵਿੱਤਰ ਮਰਯਾਦਾ ਨਾਲ ਅਨੰਦ ਕਾਰਜ ਹੁੰਦੇ ਨੇ ਇਹਨਾਂ ਨੂੰ ਇਸ ਤਰ੍ਹਾਂ ਹੀ ਪਵਿੱਤਰ ਰਖੀਏ।*

*-ਹੋਲਾ ਮਹੱਲਾ : ਸ੍ਰੀ ਭੈਣੀ ਸਾਹਿਬ 16 ਮਾਰਚ 2017*

# "CREATION OF THE KHALSA"

**Harjinder Singh Kanwal**

There has been quite a controversy on how the "Khalsa"(the pure) was created by Guru Gobind Singh Ji in 1699 AD.

The incident, in many different ways, has been narrated by different authors who have either copied their predecessors or given an account of the "Vaisakhi Khalsa Creation" in a manner which suited their own logic . So far none of the accounts have a definite ring of truth in them.

There are mainly three versions of the 'Creation of Khalsa' that can become a subject of a major debate amongst the Sikh scholars.

The first version is that Guru Ji held a 'darbar'(congregation) at 'Kesgarh Sahib' at Anandpur Sahib and amidst the 'Sangat'(disciples) drew his sword and demanded 'heads' of the fire Sikhs. One at a time the Five 'Pyaras' (loved ones) came on the stage and offered their heads to the Guru, who took them inside a tent . When he came back, he was wielding a blood dripping sword with which he had beheaded a goat previously tied inside the tent. Thus it is understandable that instead of the 'Pyaras', five goats were slaughtered. Guru Ji prepared a nectar and baptized them and presented them to the 'Sangat' with their new changed names as Daya Singh, Dharam Singh, Himmat Singh, Mohkam Singh, and Sahib Singh.

The other version is similar to the above with the exception that Guru Ji took each 'Pyara' into the tent and came out of the tent brandishing a blood stained sword. What happened in the tent is a mystery. The killing of goats is not an issue here.

The third version is very interesting and is a record of accounts that are supposedly eye-witnessed by a certain "Abu-ul-Turani", who was under the employment of Emperor Aurangzeb. The Emperor had instructed him to keep a watchful eye on the Guru and act as the Emperor's informer to keep him (the Emperor) informed of all the activities and movements of the Guru.

The following is the version which 'Abu-ul-Turani' narrated in his book or memoirs presumed to be held in the archives of the Aligarh University.

"The day Guru Gobind Singh prepared the nectar at 'Anandpur' the congregation was estimated to around thirty five to forty thousands sikhs who had come from far and wide. I had seen the grandeur of the 'Mughal Darbars' but this 'Guru's Darbar' had a charm of its own - simply majestic and beyond comparison.

The Guru came on the stage and after drawing his sword demanded a 'head' from the 'Sangat' present. This awesome call from the Guru sent a shiver to spines of the Sikhs present in the congregation. Amidst all this a brave person emerged from the crowd and with his clasped hands humbly presented himself to the Guru. The Guru, with one stroke his sword, beheaded the Sikh in front of all the stunned 'sangat', and again asked for another 'head'. Another person who came on the stage was similarly beheaded. The Guru made the eerie call again and simultaneously three devout Sikhs came on the stage and met the same fate under the merciless sword of the Guru.

The stage was a ghastly sight with the torsos and heads of the five drenched in pools of blood. All the trace of blood diminished after the Guru cleaned it with water. The Guru then medically joined each head on a different body and thereafter covered them with white sheets.

He then ordered a stone urn and on top of it he put an iron pot in which he added some water. He put his sword in it and started moving it, while chanting some words. He took some time and during this period some woman from the Guru's household came and put something in the pot. The nectar (Abe-Hayat) was now ready.

The Guru then removed the white sheets from one body and poured the nectar into the dead man's mouth, on the hair and on the body. While he was performing this ritual he kept on pronouncing "Waheguru ji ka Khalsa, Waheguru ji ki Fateh"( *The Khalsa belongs to the Almighty and to the Almighty is the victory* ). To the amazement of the 'sangat', the person sat up and loudly chanted "Waheguru ji ka Khalsa, Waheguru ji ki Fateh". The whole congregation was aghast and taken aback by this miracle. The Guru did the same to the rest of the four bodies and they also like their counterpart rose up with shouts of "Waheguru ji ka Khalsa, Waheguru ji ki Fateh".

The Guru then took these five Sikhs into a tent and after some time they emerged wearing new white clothes. The Guru then kneeled down in front of them and asked them to give him the life giving nectar. Obligingly they obeyed and baptized the Guru .

The Guru named them Daya Singh, Dharam Singh, Himmat Singh, Mohkam Singh and Sahib Singh and consequently changed his name from Gobind Rai to Gobind Singh.

What happened in front of my eyes completely entranced me, and my heart longed to be in the Guru's eternal feet. With a lump in my throat, I approached the Guru and begged him to baptize me and take me in his abode. The Guru smiled and baptized me and named me 'Ajmer Singh'. Thus with the Guru's blessing I attained absolute bliss.

This was the last report I sent to Aurangzeb in which I mentioned that the Guru was not an ordinary person but was 'Allah' Himself. Furthermore I warned the Emperor that his enmity towards the Guru will lead to the downfall and destruction of the Mughal Empire."

*The above narration of 'Abu-ul-Turani' does carry considerable weight, but it requires more research and looking into .*

I appeal to our scholars and 'prabandhak committees' to explore this subject with interest and an impartial mind. ■

# ਸ੍ਰੀ ਰਾਮ ਚਰਿਤ ਮਾਨਸ (ਰਮਾਇਣ)

(ਪਿਛੋਂ ਤੋਂ ਅਗੇ) ਪੰਜਾਬੀ ਅਨੁਵਾਦਕ

ਮਾਸਟਰ ਅਮਰੀਕ ਸਿੰਘ

## ਅਜੁਧਿਆ ਨਗਰੀ ਤੇ ਰਾਜਾ ਦਸਰਥ

ਝੂਠ ਬੋਲਣਾ ਘੱਟ ਤੋਲਣਾਂ ਨਹੀਂ ਸੀ ਜਾਣਦਾ ਕੋਈ,
ਧਰਮ ਦੀ ਕਿਰਤ ਸੀ ਕਰਦੇ ਸਾਰੇ, ਮਾੜਿਆਂ ਦੇਵਨ ਢੋਈ।
ਰਾਜੇ ਦਾ ਸੀ ਨਾਲ ਰਿਆਇਆ ਪਿਆਰ ਪੁੱਤਰਾਂ ਜੈਸਾ,
ਚੋਰੀ ਨਹੀਂ ਸੀ ਕਰਦਾ ਕੋਈ ਕੋਲ ਸੀ ਵਾਧੂ ਪੈਸਾ।

ਈਸ਼ਵਰ ਅਤੇ ਦੇਵਾਂ ਦੀ ਆਰਤੀ ਹੁੰਦੀ ਸ਼ਾਮ ਸਵੇਰੇ,
ਸੋਨੇ ਚਾਂਦੀ ਦੇ ਬਰਤਨ ਸਨ ਸੁਖ ਸੀ ਚਾਰ ਚੁਫੇਰੇ।
ਉਤਮ ਸੁਰਾਂ ਦੇ ਨਾਲ ਪਵਿੱਤਰ ਹਵਾ ਸੀ ਵਗਦੀ ਰਹਿੰਦੀ,
ਜੋ ਜੀਵਾਂ ਨੂੰ ਮਨੋ ਭਾਵ ਸ਼ੁਭ ਦੇਂਦੀ ਨਾਲ ਜਾਂ ਖਹਿੰਦੀ।

(ਚਲਦਾ)

# MATRIMONIALS

**Wanted suitable and well educated match for Namdhari girl, 28, 5 feet 7 inches, B.A., Diploma in Computer Application.**
**Contact : 09815465171,08283907673 Post Box:1033**

❖❖❖

**Alliance invited for Namdhari boy, 1990, 5 feet 10 inches, Masters in Science (Biotechnology), working in a multinational Company in Chandigarh IT Park.**
**Contact: 9828358230, 8619260078 Post Box:1038**

❖❖❖

**Suitable girl required for Namdhari boy, 32, 5 feet 11 inches, B.A., Diploma in Interior Designing, own factory (Denting & Painting). Match from Delhi shall be preferred.**
**Contact:9654089270, 9711959831 Post Box:1039**

❖❖❖

**Alliance invited for Namdhari girl, Age 25, 5 feet 4 inches, B.Sc. (Nursing), IELTS 6 Bands. Educated or NRI boy with land holding shall be preferred.**
**Contact : 9815026755 Post Box : 1040**

❖❖❖

**Wanted sutiable and well educated match for Namdhari (Widow) girl, Age 30, 5 feet 6 inches, B.Com, B.Ed.**
**Contact : 09711660839, 08527512731 Post Box : 1041**

❖❖❖

**Alliance invited for Namdhari girl, 30, 5 feet 5 inches, M.Phil (P.H.D.) in Anthropology. Only holders of Master Degree or above may contact.**
**Contact : 09891186390 Post Box : 1042**

**SATJUG**
**Namdhari Gurdwara Ramesh Nagar, New Delhi-15**
**e-mail : satjugweekly@gail.com**

# JAGAT MATA CHAND KAUR JI

Mata Ji has given everyone unconditional love. We still remember playing with her. The day we heard what happened, it felt like the world had ended.

We couldn't believe what had happened and how anybody could have done or even thought of such a dastardly and cowardly act. The people who have stooped down to this level should never be forgiven. Who could have done such a thing to Mata Ji?

She was a loving, caring and an incomparable mother to all of us. There will never be anyone in the whole of this universe that can even match half of Mata Ji.




The above article expresses the gratitude towards Mata Ji by Raghvir Kaur and Rattan Kaur from Singapore.

Whenever we hear her name, we burst into tears, knowing that we will not see her or hear her voice again; however, we all know that she is looking after us and watching us from the heaven.

We now look back and wish that we could have spent more time with her. No one can describe in words how much Mata Ji means to us. She is like gravity on Earth and without her, everything and everyone will be out of place. She is still there somewhere, keeping us in place.

We can feel her benign presence with Sri Satguru Jagjit Singh Ji and showering everyone with her kind blessings.


# These oils are cruelty-free and vegan registered




**Amla Hair Remedy:**
Amla, from the Indian Gooseberry, is a powerful hair tonic known to stimulate the hair follicle to encourage growth. It nourishes the hair shaft, adding strength and sheen, and cleanses the scalp to prevent dandruff, providing a perfect environment for long and healthy hair. Amla oil is known to strengthen the hair follicles and condition the hair. It penetrates the scalp and help treat dry, itchy scalp and along with vitamin C, Amla is also very rich in antioxidants. Antioxidants carry anti-ageing mechanisms which can prevent hair from premature greying.

**Grapefruit Hair Remedy:**
A nourishing blend of 5 super oils to improve the condition of and strengthen your hair from within. No chemicals, parabens, sulphates, just oil.

Grapefruit Essential Oil is our key ingredient which is a natural hair cleanser, preventing product buildup from hairstyling products and fighting dandruff.
Combining this with Castor Oil which is a very thick, viscous oil, prevents and remedies hair loss.
Castor Oil ensures new hair growth will be strong and thick! It's anti-bacterial and anti-fungal properties make it beneficial against folliculitus, dandruff and scalp infections.
Virgin Avocado Oil acts as a natural SPF and the vitamins, amino acids, and high fat content promote healthy cell growth which are great for maintaining and restoring scalp health (dry, itchy scalp).
We wanted to ensure that hair is protected and that the oils penetrate quickly so we added Sweet Almond Oil and Fractionated Coconut Oil.
Sweet Almond Oil has a good ability to penetrate the hair shaft and moisturise hair from the inside. It makes hair bright, shiny and silky. No dull hair !







**Peppermint Beard Remedy:**
A refreshing beard oil to stimulate growth and treat common beard concerns.
A potent blend of 5 oils. Avocado (seals in moisture), Coconut (prevents breakage) and Argan (softens and improves manageability) oils work in sync to condition and hydrate your beard while Rosehip Oil improves skin condition by rejuvenating skin.
Topped off with a splash of Peppermint Oil which stimulates the follicle of the hair; this stimulation is a precursor to hair growth because it binds the hair roots, and increases the blood circulation. This oil has a soothing minty scent.

**Above products available from S. Ranjeet Singh U.K**
**Contact: 00441332761558, Email: ranjitpanglin@gmail.com, apanglin@alchemyoils.co.uk**


See Page 8

# ਹੈਦਰਾਬਾਦ ਵਿਖੇ ਬਸੰਤ ਮੇਲਾ



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਆਗਿਆ ਅਨੁਸਾਰ ਹੈਦਰਾਬਾਦ ਦੀ ਸੰਗਤ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ (ਬਸੰਤ ਪੰਚਮੀ) ਮੇਲਾ ਮਿਤੀ 19 ਤੋਂ 21 ਫਰਵਰੀ 2017 ਨੂੰ ਬੜੀ ਸ਼ਰਧਾ ਪੂਰਵਕ ਮਨਾਇਆ। ਜਿਸ ਵਿਚ ਰਾਗੀ ਸਰਵ ਸੰਤ ਬਲਵੰਤ ਸਿੰਘ, ਸੁਰਮੁਖ ਸਿੰਘ, ਹਰਪ੍ਰੀਤ ਸਿੰਘ ਨੇ ਕੀਰਤਨ ਕਰਕੇ ਗੁਰੂ ਦਾ ਮਹਿਮਾ ਨੂੰ ਉਜਾਗਰ ਕੀਤਾ ਤੇ ਸੰਤ ਗੁਰਲਾਲ ਸਿੰਘ ਕਥਾਵਾਚਕ ਨੇ ਕਥਾ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਪਰੰਤ 7 ਸਧਾਰਨ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। 2 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਸੰਗਤ ਵਲੋਂ, 2 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਬੀਬੀ ਜਸਵੰਤ ਕੌਰ ਅਤੇ ਰਘਵੀਰ ਕੌਰ ਵਲੋਂ, 1 ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ, 1 ਪਾਠ ਮਾਤਾ ਸਿੰਦਰ ਕੌਰ ਅਤੇ ਪਿਤਾ ਸ. ਸੰਤੋਖ ਸਿੰਘ ਦੀ ਯਾਦ ਵਿਚ, ਅਤੇ 1 ਪਾਠ ਦਾ ਭੋਗ ਸੰਤ ਬਲਵਿੰਦਰ ਪਾਲ ਸਿੰਘ ਦੀ ਯਾਦ ਵਿਚ ਸੂਬਾ ਸੁਖਵਿੰਦਰ ਕੌਰ ਪਰਿਵਾਰ ਵਲੋਂ।

ਸੰਤ ਮਹਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜੀ, ਰਾਗੀ ਜਥੇ ਤੇ ਸਾਰੀ ਸੰਗਤ ਦਾ ਧੰਨਵਾਦ ਕੀਤਾ।





**ਹੈਦਰਾਬਾਦ ਬਸੰਤ ਮੇਲੇ ਸਮੇਂ ਰਾਗੀ ਸਿੰਘ ਕੀਰਤਨ ਕਰਦੇ ਹੋਏ ਹੇਠਾਂ ਕੀਰਤਨ ਦਾ ਅਨੰਦ ਪ੍ਰਾਪਤ ਕਰਦੀ ਸਾਧ ਸੰਗਤ।**

# ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀਆਂ ਬਖਸ਼ਿਸ਼ਾਂ ਦੀ ਪਾਤਰ ਨਾਮਧਾਰੀ ਸੰਗਤ-ਰਾਮਪੁਰਾ ਫੂਲ

ਜਿੱਥੇ ਅੱਜ ਸਮੁੱਚੀ ਦੁਨੀਆਂ ਸੰਸਾਰੀਕਰਨ, ਵਪਾਰੀਕਰਨ, ਪਦਾਰਥਵਾਦ, ਇਕ ਦੂਜੇ ਤੋਂ ਅਮੀਰ ਹੋਣ ਦੀ ਲਾਲਸਾ ਵਿਚ ਉਲਝ ਕੇ ਆਪਣੇ ਧਰਮ, ਵਿਰਸੇ, ਸ੍ਰਿਸ਼ਟਾਚਾਰ, ਸਭਿਆਚਾਰ, ਸਲੀਕੇ, ਆਪਸੀ ਪਿਆਰ ਜਾਂ ਆਤਮਿਕ ਸ਼ਾਂਤੀ ਅਤੇ ਸਹਿਜ ਨਾਲੋਂ ਟੁਟਕੇ ਅਸੰਤੁਸ਼ਟਤਾ ਦੀ ਭੱਠੀ ਵਿੱਚ ਤੱਪ ਰਹੀ ਹੈ ਉਥੇ ਇਸ ਘੋਰ ਕਲਜੁਗ ਵਿਚ ਸਤਿਗੁਰੂ ਉਦੈ ਸਿੰਘ ਜੀ ਦਾ ਨਾਮਧਾਰੀ ਸੰਪਰਦਾ ਦੇ ਸਿਰ ਤੇ ਮਿਹਰ ਭਰਿਆ ਹੱਥ ਹੈ। ਸਤਿਗੁਰੂ ਉਦੈ ਸਿੰਘ ਜੀ ਜਦੋਂ ਤੋਂ ਗੁਰਗੱਦੀ ਤੇ ਬਿਰਾਜਮਾਨ ਹੋਏ ਹਨ, ਨਾਮਧਾਰੀ ਸਮਾਜ ਬੁਲੰਦੀਆਂ ਵੱਲ ਜਾ ਰਿਹਾ ਹੈ। ਸ੍ਰੀ ਸਤਿਗੁਰੂ ਜੀ ਦੇ ਉਪਦੇਸ਼ਾਂ ਤੋਂ ਸਪਸ਼ਟ ਹੁੰਦਾ ਹੈ ਕਿ ਸਤਿਗੁਰੂ ਜੀ ਸਮੁੱਚੀ ਦੁਨੀਆਂ ਵਿਚ ਸਤਿਜੁਗ ਦਾ ਵਰਤਾਰਾ ਵੇਖਣਾ ਚਾਹੁੰਦੇ ਹਨ ਅਤੇ ਉਸ ਲਈ ਯਤਨਸ਼ੀਲ ਹਨ। ਸਤਿਗੁਰੂ ਜੀ ਨੇ ਜਿਥੇ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਖਤਮ ਕਰਨ ਦੀ ਪ੍ਰਾਰੰਭਤਾ ਕੀਤੀ ਹੋਈ ਹੈ ਉਥੇ ਨਾਮਧਾਰੀ ਸਿਖਾਂ ਦੇ ਨਾਮ ਦੇ ਖਜ਼ਾਨੇ ਨੂੰ ਭਰਨ ਲਈ ਗੁਰਬਾਣੀ ਅਤੇ ਸਿਮਰਨ ਦਾ ਪ੍ਰਵਾਹ ਚਲਾਇਆ ਹੋਇਆ ਹੈ। ਸਤਿਗੁਰੂ ਜੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਦੇ ਗੁਰਬਾਣੀ ਰਾਹੀਂ ਦਿੱਤੇ ਸੰਦੇਸਾਂ, ਉਪਦੇਸਾਂ, ਪ੍ਰਵਚਨਾਂ ਅਤੇ ਹੁਕਮਨਾਮਿਆਂ ਨੂੰ ਸੰਗਤ ਵਿਚ ਦ੍ਰਿੜ ਕਰਵਾ ਰਹੇ ਹਨ। ਸਤਿਗੁਰੂ ਜੀ ਨੇ ਬਖਸ਼ਿਸ਼ਾਂ ਕਰਦਿਆਂ ਆਪਣੇ ਹਰ ਗਰੀਬ ਅਮੀਰ ਦੇ ਘਰ ਚਰਨ ਪਾਕੇ ਆਪਣੇ ਪਿਆਰ ਦਾ ਨਿੱਘ ਬਖਸ਼ਿਆ। ਸਤਿਗੁਰੂ ਜੀ ਜਿਥੇ ਵੀ ਜਾਂਦੇ ਹਨ ***ਸੂਕੇ ਹਰੇ ਕੀਏ ਖਿਨ ਮਾਹਿ*** ਦਾ ਵਾਕ ਪਰੀਪੂਰਨ ਹੋ ਜਾਂਦਾ ਹੈ।

ਸਤਿਗੁਰੂ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੁੰਦਿਆਂ ਜਦੋਂ ਪਹਿਲੀ ਵਾਰ ਰਾਮਪੁਰਾ ਫੂਲ (ਬਠਿੰਡਾ) ਦੀ ਧਰਤੀ ਤੇ ਚਰਨ ਪਾਏ ਤਾਂ ਉਸ ਦਿਨ ਚੋਖਾ ਮੀਂਹ ਆਇਆ। ਟੈਂਟ ਵੀ ਭਿਜ ਗਿਆ। ਧਰਮਸ਼ਾਲਾ ਵਿਚ ਇਕ ਛੋਟਾ ਜਿਹਾ ਪੱਥਰ ਦੀਆਂ ਸਲੇਟਾਂ ਵਾਲਾ ਕਮਰਾ ਸੀ ਉਸ ਵਿਚ ਹੀ ਸੱਚੇ ਪਾਤਸ਼ਾਹ ਨੇ ਪ੍ਰਸ਼ਾਦਾ ਛਕਿਆ। ਪਾਤਸ਼ਾਹ ਜੀ ਦੇ ਚਰਨ ਪਾਉਣ ਦੀ ਦੇਰ ਸੀ ਉਸ ਵਰ੍ਹੇ ਇਸ ਕੱਚੇ ਕੋਠੜੇ ਦੀ ਥਾਂ ਤੇ 30 × 50 ਦੇ ਹਾਲ ਦੀ ਉਸਾਰੀ ਦਾ ਆਰੰਭ ਹੋਇਆ, ਲੰਗਰ ਹਾਲ ਅਤੇ ਸਤਿਗੁਰੂ ਜੀ ਲਈ ਚੁਬਾਰਾ ਅਤੇ ਹੋਰ ਕਮਰੇ ਵੀ ਬਣ ਗਏ। ਹੁਣ ਰੋਜ਼ਾਨਾ ਸਵੇਰੇ ਨਾਮ ਸਿਮਰਨ, ਦਿਵਾਨ, ਕੀਰਤਨ ਦਾ ਪ੍ਰਵਾਹ ਸ਼ੁਰੂ ਹੋ ਗਿਆ ਹੈ। ਜਪ ਪ੍ਰਯੋਗ ਵੀ ਸਮੂਹਿਕ ਰੂਪ ਵਿਚ ਧਰਮਸ਼ਾਲਾ ਦੇ ਹਾਲ ਵਿਚ ਹੋਣ ਲੱਗਿਆ ਹੈ। ਨਾਮ ਦੇ ਪ੍ਰਵਾਹ ਦੀ ਇਹ ਬਖਸ਼ਿਸ਼ ਪੂਰਬੀ ਦੁਨੀਆਂ ਵਿਚ ਵਰਤੀ ਹੈ। ਹਰ ਪਿੰਡ, ਸ਼ਹਿਰ, ਰਾਜ, ਦੇਸ਼ ਅਤੇ ਪ੍ਰਦੇਸਾਂ ਵਿਚ ਵੱਸਦੇ ਹਰ ਨਾਮਧਾਰੀ ਦਾ ਰੋਮ ਰੋਮ ਸਤਿਗੁਰੂ ਉਦੈ ਸਿੰਘ ਜੀ ਦੀਆਂ ਬਖਸ਼ਿਸ਼ਾਂ ਅਗੇ ਨਤਮਸਤਕ ਹੁੰਦਾ ਹੈ। ਹਨੇਰੀਆਂ ਝੱਖੜਾਂ ਦੇ ਬਾਵਜੂਦ ਹਰ ਨਾਮਧਾਰੀ ਦੇ ਚੇਹਰੇ ਤੋਂ ਸੰਤੁਸ਼ਟੀ ਅਤੇ ਸਤਿਗੁਰੂ ਦੇ ਪਿਆਰ ਦੀ ਝਲਕ ਨਜ਼ਰ ਆਉਂਦੀ ਹੈ।

**-ਡਾ. ਲਖਵੀਰ ਸਿੰਘ, ਰਾਮਪੁਰਾ ਫੂਲ**

**ਬਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਅਤੇ ਨਾ ਹੀ ਮਰਯਾਦਾ ਵਿਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?**

# ਟੋਰਾਂਟੋ ਵਿਖੇ ਤ੍ਰਿਬੇਣੀ ਹੋਲਾ ਮਹੱਲਾ



**ਸੂਬਾ ਗੁਰਦਿਆਲ ਸਿੰਘ (ਕਨੇਡਾ) ਹੱਲੇ ਦਾ ਦਿਵਾਨ ਸਜਾਉਂਦੇ ਹੋਏ।**

ਪਿਛਲੇ ਦਿਨੀਂ ਟੋਰਾਂਟੋ ਦੀ ਨਾਮਧਾਰੀ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਤ੍ਰਿਬੇਣੀ ਪੁਰਬ ਹੋਲਾ ਮਹੱਲਾ ਜਿਸ ਵਿਚ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਵਲੋਂ ਆਰੰਭ ਕੀਤੇ ਹੋਲੇ ਮਹੱਲੇ ਦਾ ਤਿਉਹਾਰ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿੰਘ ਜੀ ਦੇ ਅਵਤਾਰ ਪੁਰਬ ਆਉਂਦੇ ਹਨ ਬੜੀ ਸ਼ਰਧਾ ਭਾਵਨਾ ਨਾਲ ਨਾਮ ਸਿਮਰਨ, ਕਥਾ ਕੀਰਤਨ ਕਰਕੇ ਅਤੇ ਸ੍ਰੀ ਸਤਿਗੁਰੂ ਜੀ ਦਾ ਪਾਵਨ ਪਵਿੱਤਰ ਰਿਕਾਰਡ ਉਪਦੇਸ਼ ਸਰਵਣ ਕਰਕੇ ਮਨਾਏ ਗਏ।

ਆਰੰਭ ਵਿਚ ਸਾਧ ਸੰਗਤ ਨੇ ਨਾਮ ਸਿਮਰਨ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਟੇਪ ਸਰਵਣ ਕੀਤਾ। ਉਪਰੰਤ ਇਕ ਸਧਾਰਨ ਪਾਠ ਦਾ ਭੋਗ ਸ. ਅਮਰ ਸਿੰਘ ਵਲੋਂ ਸਵ: ਸ. ਜਗਦੇਵ ਸਿੰਘ ਨਮਿਤ ਪਵਾਇਆ ਗਿਆ ਜੋ ਪਿਛਲੇ ਦਿਨੀਂ ਇਸ ਸੰਸਾਰ ਤੋਂ ਸਦਾ ਲਈ ਚਲੇ ਗਏ ਸਨ। ਸੰਤ ਹਰਦਿਆਲ ਸਿੰਘ ਕਲਾ ਨੇ ਇਕੱਤਰ ਹੋਈ ਸਾਧ ਸੰਗਤ ਨੂੰ ਜੀ ਆਇਆਂ ਆਖਦੇ ਹੋਏ ਕੀਰਤਨ ਲਈ ਬੱਚੀ ਸਿਮਰਤ ਕੌਰ ਅਤੇ ਕਾਕਾ ਪ੍ਰਭਦੀਪ ਸਿੰਘ ਦਾ ਨਾਂ ਅਨਾਊਂਸ ਕੀਤਾ। ਜਿਨਾਂ ਨੇ ਸ਼ਬਦ-***ਰਾਖਾ ਏਕੁ ਹਮਾਰਾ ਸੁਆਮੀ॥***

ਸਾਧ ਸੰਗਤ ਨੂੰ ਸਰਵਣ ਕਰਵਾਇਆ। ਸੂਬਾ ਗੁਰਦਿਆਲ ਸਿੰਘ ਨੇ ਆਪਣੇ ਜਥੇ ਨਾਲ ਹੱਲੇ ਦਾ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਸਤਿਗੁਰੂ ਦੇ ਗੁਣਾਂ ਤੇ ਨਾਮ ਦੀ ਮਹਿਮਾ ਤੋਂ ਜਾਣੂੰ ਕਰਵਾਵਿਆ। ਉਹਨਾਂ ਦੇ ਦਿਵਾਨ ਦੀ ਧਾਰਨਾ ਸੀ-

***-ਸਤਿਗੁਰ ਮੇਰਾ ਬੇਮੁਹਤਾਜ ਸਤਿਗੁਰ ਮੇਰਾ ਸਚਾ ਸਾਜ।।***

***- ਜਿਹ ਪੈਡੇ ਮਹਾ ਅੰਧ ਗੁਬਾਰਾ ਹਰਿ ਕਾ ਨਾਮੁ ਸੰਗਿ ਉਜੀਆਰਾ।।***

ਸੂਬਾ ਜੀ ਨੇ ਅੰਤ ਵਿਚ ਮਾਸ ਸ਼ਰਾਬ, ਖਾਣ ਪੀਣ ਵਾਲਿਆਂ ਨੂੰ ਇਸਦਾ ਤਿਆਗ ਕਰਕੇ, ਨਾਮ ਪੁਛਕੇ ਇਸਦਾ ਜਾਪ ਕਰਨ ਲਈ ਬੇਨਤੀ ਕਰਦਿਆਂ ਦਿਵਾਨ ਦੀ ਸਮਾਪਤੀ ਕੀਤੀ।

ਨੌਜਵਾਨ ਗੁਰਜੋਬਨ ਸਿੰਘ ਪੁੱਤਰ ਸੰਤ ਨਿਸ਼ਾਨ ਸਿੰਘ ਨੇ ਹੋਲੇ ਮਹੱਲੇ ਤ੍ਰਿਬੇਣੀ ਪੁਰਬ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਹੋਇਆਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਅਵਤਾਰ ਪੁਰਬ ਤੇ ਉਹਨਾਂ ਦੇ ਜੀਵਨ ਤੇ ਬੜੇ ਹੀ ਸੁਚੱਜੇ ਢੰਗ ਨਾਲ ਵਿਸਥਾਰ ਸਹਿਤ ਚਾਨਣਾ ਪਾਇਆ ਅਤੇ ਸਾਰੀ ਸਾਧ ਸੰਗਤ ਨੂੰ ਹੋਲੇ ਮਹੱਲੇ ਦੇ ਤ੍ਰਿਬੇਣੀ ਪੁਰਬ ਦੀ ਵਧਾਈ ਦਿੱਤੀ।

ਲੰਗਰ ਦੀ ਸੇਵਾ ਸੰਤ ਅਮਰ ਸਿੰਘ ਰਾਏ ਦੇ ਪਰਵਾਰ ਵਲੋਂ ਕੀਤੀ ਗਈ ਅਤੇ ਅਗਲੇ ਦਿਨ ਅੰਮ੍ਰਿਤ ਵੇਲੇ ਦਾ ਨਾਮ ਸਿਮਰਨ ਸੂਬਾ ਗੁਰਦਿਆਲ ਸਿੰਘ ਦੇ ਗ੍ਰਿਹਿ ਵਿਖੇ ਕਰਕੇ ਸਤਿਗੁਰੂ ਦੇ ਦਰਬਾਰ ਵਿਚ ਸਾਧ ਸੰਗਤ ਨੇ ਹਾਜ਼ਰੀ ਲਵਾਈ।

**- ਗੁਰਦੀਪ ਸਿੰਘ ਨਾਮਧਾਰੀ ਕਨੇਡਾ**

# ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਸ਼ੁਕਰਾਨਾ

**ਨਵੀਂ ਦਿੱਲੀ, 6 ਅਪ੍ਰੈਲ-** ਏਥੇ ਅੱਜ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ (ਨਵੀਂ ਦਿੱਲੀ) ਵਿਖੇ ਰਾਤ ਦੇ ਸਮੇਂ ਸਾਧ ਸੰਗਤ ਨੇ ਦੋ ਜਥੇਦਾਰਾਂ ਦੇ ਦਿਵਾਨ ਦਾ ਅਨੰਦ ਮਾਣਿਆ, ਉਹ ਜਥੇਦਾਰ ਹਨ-ਜਥੇਦਾਰ ਦਰਸ਼ਨ ਸਿੰਘ (ਤ੍ਰੀ ਨਗਰ) ਅਤੇ ਦੂਸਰੇ ਹਨ ਜਥੇਦਾਰ ਕਮਾਲ ਸਿੰਘ (ਸ੍ਰੀ ਭੈਣੀ ਸਾਹਿਬ)।

ਅਸਲ ਵਿਚ ਇਹ ਪ੍ਰੋਗਰਾਮ ਠੇਕੇਦਾਰ ਸੁਲੱਖਣ ਸਿੰਘ ਭੱਟੀ ਨੇ ਸਤਿਗੁਰੂ ਜੀ ਵਲੋਂ ਉਹਨਾਂ ਦੇ ਪਰਿਵਾਰ ਨੂੰ ਮੁਸੀਬਤ ਸਮੇਂ ਹੱਥ ਦੇ ਕੇ ਰੱਖਿਆ ਸੀ ਉਸਦੇ ਸ਼ੁਕਰਾਨੇ ਵਜੋਂ ਇਹ ਸਮਾਗਮ ਹੋਇਆ। ਸਾਧ ਸੰਗਤ ਨੂੰ ਪਤਾ ਹੀ ਹੈ ਕਿ ਜਦੋਂ ਵੀ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਅਰਜ਼ ਕੀਤੀ ਜਾਵੇ ਉਹ ਸਿੱਖ ਦੀ ਪ੍ਰਤਿਪਾਲਨਾ ਕਰਦੇ ਹਨ। ਸੋ ਸ਼ੁਕਰਾਨਾ ਕਰਨਾ ਸਿੱਖ ਲਈ ਸੁਖਦਾਈ ਹੈ।

# ਲੁਧਿਆਣਾ ਵਿਖੇ ਬਸੰਤ ਪੰਚਮੀ ਮੇਲਾ



**ਗੁਰਦੁਆਰਾ ਸਿੰਘ ਸਭਾ ਲੁਧਿਆਣਾ ਦੇ ਮੈਂਬਰ ਸ੍ਰੀ ਭੈਣੀ ਸਾਹਿਬ ਤੋਂ ਆਏ ਮੁੱਖ ਪਤਵੰਤੇ ਸੱਜਣਾਂ ਦਾ ਸਨਮਾਨ ਕਰਦੇ ਹੋਏ।**

● **12 ਫਰਵਰੀ 2017-** ਅੱਜ ਗੁਰਦੁਆਰਾ ਸਿੰਘ ਸਭਾ ਅਕਾਲ ਸਾਹਿਬ ਪ੍ਰਤਾਪ ਨਗਰ ਲੁਧਿਆਣਾ ਵਿਖੇ ਗੁਰਦੁਆਰਾ ਕਮੇਟੀ ਅਤੇ ਨਾਮਧਾਰੀ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ 'ਬਸੰਤ ਪੰਚਮੀ' ਮੇਲਾ ਮਨਾਇਆ ਗਿਆ।

ਪ੍ਰਤਾਪ ਨਗਰ ਦੇ ਗੁਰਦੁਆਰਾ ਸਾਹਿਬ ਵਿਚ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਤੰਤੀ ਸਾਜਾਂ ਨਾਲ ਜਥੇਦਾਰ ਅਮਰੀਕ ਸਿੰਘ ਅਤੇ ਜਥੇ ਵਲੋਂ ਕੀਤਾ ਗਿਆ। ਉਪਰੰਤ ਗੁਰਦੁਆਰਾ ਕਮੇਟੀ ਵਲੋਂ ਰਖੇ ਗਏ ਅਖੰਡ ਪਾਠ ਦਾ ਭੋਗ ਪਾਇਆ ਗਿਆ ਜਿਸ ਦੀ ਸੇਵਾ ਸੰਤ ਭਗਵੰਤ ਸਿੰਘ ਪ੍ਰਤਾਪ ਨਗਰ ਵਲੋਂ ਕੀਤੀ ਗਈ। ਨਾਮਧਾਰੀ ਰਾਗੀ ਜਥੇ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਦੀ ਖੁਸ਼ੀ ਵਿਚ ਸ਼ਬਦ-

***-ਸੋ ਦਿਨੁ ਸਫਲੁ ਗਣਿਆ।।***

***- ਗੁਰੁ ਸੇਵਉ ਕਰ ਨਮਸਕਾਰ।। ਆਜ ਹਮਾਰੈ ਮੰਗਲਚਾਰ।।***

ਪੜ੍ਹਿਆ ਗਿਆ।

**ਸੂਬਾ ਬਲਵਿੰਦਰ ਸਿੰਘ ਸ੍ਰੀ ਭੈਣੀ ਸਾਹਿਬ** ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਗੁਰਦੁਆਰਾ ਕਮੇਟੀ ਦਾ ਧੰਨਵਾਦ ਕਰਦੇ ਦੱਸਿਆ ਕਿ ਕਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਸਿੱਖ ਪੰਥ ਕਮਜ਼ੋਰ ਹੋ ਗਿਆ ਸੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਸਿੱਖੀ ਨਾਲ, ਗੁਰਬਾਣੀ ਨਾਲ ਜੋੜਿਆ। ਸੂਬਾ ਜੀ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਸਤਿਗੁਰੂ ਸਾਹਿਬਾਨਾਂ ਅਤੇ ਸ਼ਹੀਦਾਂ ਦੀਆਂ ਸਾਖੀਆਂ ਜ਼ਰੂਰ ਸੁਣਾਉਣੀਆਂ ਚਾਹੀਦੀਆਂ ਹਨ ਜਿਸ ਨਾਲ ਸਾਡੇ ਬੱਚਿਆਂ ਨੂੰ ਇਸ ਸਿੱਖੀ ਦਾ ਅਤੇ ਇਸ ਸਿੱਖੀ ਦੀ ਨਿਸ਼ਾਨੀ ਦਸਤਾਰ ਦੀ ਸ਼ਾਨ ਬਾਰੇ ਪਤਾ ਲਗੇ। ਸਾਡੀਆਂ ਮਾਤਾਵਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਬਚਪਨ ਤੋਂ ਹੀ ਸਿੱਖੀ ਨਾਲ ਜੋੜਨ।

**ਸੂਬਾ ਹਰਭਜਨ ਸਿੰਘ ਲੁਧਿਆਣਾ** ਨੇ ਵਧਾਈ ਦਿੰਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਲਿਖੇ ਹੁਕਮਨਾਮੇ ਪੜ੍ਹ ਕੇ ਸੰਗਤ ਨੂੰ ਸੁਣਾਏ ਅਤੇ ਦੱਸਿਆ ਕਿ ਸਤਿਗੁਰੂ ਜੀ ਨੇ ਕਈ ਸਾਲ ਪਹਿਲਾਂ ਹੀ ਪੰਜਾਬੀ ਭਾਸ਼ਾ ਬਾਰੇ ਸਿਖਾਂ ਨੂੰ ਗੁਰਮੁਖੀ ਸਿਖਾਉਣ ਦਾ ਹੁਕਮ ਦਿਤਾ। ਇਸ ਤੋਂ ਇਲਾਵਾ ਵਿਧਵਾ ਵਿਆਹ, ਕੁੜੀਆਂ ਨੂੰ ਕੁੱਖ ਵਿਚ ਮਾਰਨ ਤੋਂ ਰੋਕਣਾ ਆਦਿ ਕਈ ਸਮਾਜ ਸੁਧਾਰ ਦੇ ਹੁਕਮਨਾਮੇ ਭੇਜੇ। ਸੂਬਾ ਜੀ ਨੇ ਸ. ਕਿਰਪਾਲ ਸਿੰਘ ਅਤੇ ਪ੍ਰਧਾਨ ਕੁੰਦਨ ਸਿੰਘ ਦਾ ਉਚੇਚੇ ਧੰਨਵਾਦ ਕੀਤਾ ਜੋ ਕਿ ਪਿਛੇ ਕਈ ਸਾਲਾਂ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਅਖੰਡ ਪਾਠ ਕਰਵਾ ਭੋਗ ਪੁਆਉਂਦੇ ਆ ਰਹੇ ਹਨ।

**ਸ. ਕਿਰਪਾਲ ਸਿੰਘ ਐਨ. ਪੀ. ਸੀ (ਚੇਅਰਮੈਨ ਗੁਰਦੁਆਰਾ ਕਮੇਟੀ)** ਨੇ ਬੋਲਦਿਆਂ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਸਮਾਜ ਨੂੰ ਸੁਧਾਰਨ ਲਈ ਬਹੁਤ ਕੰਮ ਕੀਤੇ ਉਥੇ ਹੀ ਦੇਸ਼ ਦੀ ਆਜ਼ਾਦੀ ਲਈ ਜੋ ਨਾ-ਮਿਲਵਰਤਨ ਲਹਿਰ ਨੂੰ ਚਲਾਇਆ ਉਸ ਵਰਗੀ ਹੋਰ ਕੋਈ ਮਿਸਾਲ ਨਹੀਂ ਮਿਲਦੀ। ਉਹਨਾਂ ਨੇ ਕਿਹਾ ਕਿ ਨਾਮਧਾਰੀ ਸਮਾਜ ਨੇ ਹਰ ਵਕਤ ਦੇਸ਼ ਅਤੇ ਪੰਜਾਬ ਦੀ ਤਰੱਕੀ ਵਿਚ ਆਪਣਾ ਯੋਗਦਾਨ ਸਮੇਂ ਸਮੇਂ ਪਾਇਆ ਹੈ ਜਿਸ ਵਿਚ ਖੇਡਾਂ ਅਤੇ ਸੰਗੀਤ ਮੁੱਖ ਤੌਰ ਤੇ ਹੈ। ਉਹਨਾਂ ਕਿਹਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੁਰਾਤਨ ਸੰਗੀਤ ਨੂੰ ਇੰਨੀ ਸਿਖਰ ਤੇ ਪਹੁੰਚਾ ਦਿੱਤਾ ਨਹੀਂ ਤੇ ਅਸੀਂ ਤੰਤੀ ਸਾਜਾਂ ਨੂੰ ਭੁੱਲ ਹੀ ਗਏ ਸੀ।

ਸ. ਗੁਰਮੀਤ ਸਿੰਘ ਕੁਲਾਰ, ਸ. ਕਮਲਜੀਤ ਸਿੰਘ ਕਰਵਾਲ, ਜਥੇਦਾਰ ਸੋਹਨ ਸਿੰਘ ਗੋਗਾ ਵਾਈਸ ਚੇਅਰਮੈਨ ਗੁਰਦੁਆਰਾ ਕਮੇਟੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਸੰਗਤ ਨੂੰ ਦਿੱਤੀਆਂ।

ਪ੍ਰਧਾਨ ਕੁੰਦਨ ਸਿੰਘ ਨੇ ਆਈ ਸਾਰੀ ਸੰਗਤ, ਰਾਗੀ ਜਥੇ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਮੇਟੀ ਵਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।

ਹੋਰਨਾਂ ਤੋਂ ਇਲਾਵਾ ਅੱਜ ਦੇ ਸਮਾਗਮ ਵਿਚ ਗੁਰਮੁੱਖ ਸਿੰਘ ਰਹਿਬਰ, ਗਿਆਨੀ ਜੋਗਿੰਦਰ ਸਿੰਘ, ਸੁਰਿੰਦਰ ਸਿੰਘ ਭਾਈ ਜੀ, ਗੁਰਿੰਦਰ ਪਾਲ ਸਿੰਘ, ਮੋਹਨ ਸਿੰਘ ਸ੍ਰੀ ਭੈਣੀ ਸਾਹਿਬ, ਹਰਜਿੰਦਰ ਸਿੰਘ ਸੰਧੂ, ਦਰਸ਼ਨ ਸਿੰਘ ਚੰਨੀ, ਨਿਰਮਲ ਸਿੰਘ ਭੱਟੀ, ਅਵਤਾਰ ਸਿੰਘ, ਗੁਰਸੇਵਕ ਸਿੰਘ, ਸੁੰਦਰ ਸਿੰਘ, ਮਨਜੀਤ ਸਿੰਘ, ਸਵਿੰਦਰ ਸਿੰਘ, ਸਰੂਪ ਸਿੰਘ, ਦਰਸ਼ਨ ਸਿੰਘ ਹਰਜੀਤ ਸਿੰਘ, ਸਵਰਨ ਸਿੰਘ, ਜਸਬੀਰ ਸਿੰਘ ਕਲਸੀ, ਕਰਮ ਸਿੰਘ, ਬਲਦੇਵ ਸਿੰਘ, ਗੁਰਮੀਤ ਸਿੰਘ ਬਿਰਦੀ, ਨਰਿੰਦਰ ਸਿੰਘ, ਸਤਵੰਤ ਸਿੰਘ ਸੰਧੂ, ਸੁਖਵਿੰਦਰ ਸਿੰਘ ਡਹੇਲਾ, ਸਰਬਜੋਤ ਸਿੰਘ ਅਤੇ ਸੰਗਤ ਨੇ ਸਮਾਗਮ ਦਾ ਅਨੰਦ ਮਾਣਿਆ।

ਅਖੀਰ ਨਾਮਧਾਰੀ ਸੰਗਤ ਵਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਪਿਛੈ ਕੀਰਤਨੁ ਕਰਿਅਹੁ ਨਿਰਬਾਣੁ

## ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਸੂਬਾ ਹਰਭਜਨ ਸਿੰਘ ਮੋਰਿੰਡਾ ਨਮਿਤ ਭੋਗ



**ਸੂਬਾ ਹਰਭਜਨ ਸਿੰਘ ਮੋਰਿੰਡਾ** (ਉਮਰ 67 ਸਾਲ) 2 ਮਾਰਚ ਸੰਨ 2017 ਦਿਨ ਵੀਰਵਾਰ ਨੂੰ ਅੰਮ੍ਰਿਤ ਵੇਲੇ ਸਿਮਰਨ ਸਮਾਧੀ ਵਿਚ ਲੀਨ ਅਕਾਲ ਚਲਾਣਾ ਕਰ ਗਏ।

ਉਹਨਾਂ ਦੇ ਸਸਕਾਰ ਉਪਰੰਤ ਭੋਗ ਪਾਉਣ ਤੀਕ ਉਹਨਾਂ ਦੇ ਘਰ ਹਰ ਰੋਜ਼ ਸੂਬਾ ਸੰਦੀਪ ਸਿੰਘ, ਪੰ. ਹਰਭਜਨ ਸਿੰਘ ਖੰਡੂਵਾਲੀਏ ਤੇ ਉਹਨਾਂ ਦੇ ਪੁੱਤਰ ਪੰ. ਯਾਦਵਿੰਦਰ ਸਿੰਘ (ਪਿੰਡ ਝੱਲ) ਦੇ ਦਿਵਾਨ ਲਗਦੇ ਰਹੇ ਅਤੇ ਕਥਾ ਕੀਰਤਨ ਹੁੰਦਾ ਰਿਹਾ।

ਸੂਬਾ ਹਰਭਜਨ ਸਿੰਘ ਮੋਰਿੰਡਾ ਨਮਿਤ ਪਾਠ ਦਾ ਭੋਗ ਉਹਨਾਂ ਦੇ ਗ੍ਰਹਿ ਵਿਖੇ 11 ਮਾਰਚ 2017 ਦਿਨ ਸ਼ਨੀਵਾਰ ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ। ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਸੂਬਾ ਹਰਭਜਨ ਸਿੰਘ ਦੇ ਪੁੱਤਰ ਗੁਰਮੁਖ ਸਿੰਘ ਨਾਮਧਾਰੀ (ਰਾਜਾ) ਦੇ ਦਸਤਾਰ ਸਜਾਈ। ਇਸ ਮੌਕੇ ਸੂਬਾ ਰੇਸ਼ਮ ਸਿੰਘ ਕੈਨੇਡਾ, ਸਰਪੰਚ ਗੁਰਦੇਵ ਸਿੰਘ ਜਾਲਖੇੜੀ ਮੌਜੂਦ ਸਨ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਚਲੇ ਗਏ ਕਿਉਂਕਿ ਉਥੇ ਦੁਪਹਿਰ ਦੇ ਦਿਵਾਨ ਵਿਚ ਉੱਘੇ ਲਿਖਾਰੀ ਸੰਤ ਜਗਦੀਸ਼ ਸਿੰਘ ਵਰਿਆਮ ਨਮਿਤ ਪਾਠ ਦਾ ਭੋਗ ਪਾਇਆ ਜਾਣਾ ਸੀ। ਅਤੇ ਸ਼ਰਧਾਂਜਲੀ ਸਮਾਗਮ ਹੋਣਾ ਸੀ।

ਉਹਨਾਂ ਦਾ ਸ਼ਰਧਾਂਜਲੀ ਸਮਾਗਮ ਰਾਮ ਭਵਨ ਨੇੜੇ ਬਸ ਸਟੈਂਡ ਮੋਰਿੰਡਾ ਵਿਖੇ ਕੀਤਾ ਗਿਆ। ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਕਥਾ ਕੀਤੀ ਤੇ ਦਿਵਾਨ ਲਗਾਇਆ। ਸਟੇਜ ਸਕੱਤਰਤਾ ਸੂਬਾ ਸਵਿੰਦਰ ਸਿੰਘ ਡੇਰਾ ਮੀਰ ਮੀਆਂ (ਜ਼ਿਲਾ ਫਤਹਿਗੜ੍ਹ ਸਾਹਿਬ) ਨੇ ਕੀਤੀ। ਸਰਵ ਸ੍ਰੀ ਗੁਰਬਚਨ ਸਿੰਘ ਚੰਡੀਗੜ੍ਹ, ਪੰ. ਹਰਭਜਨ ਸਿੰਘ ਖੰਡੂਵਾਲੀਏ, ਸੂਬਾ ਨਿਰੰਜਨ ਸਿੰਘ ਟਮਕੌਦੀ ਨੇ ਕਥਾ ਕਰਕੇ ਵਿਛੜੀ ਰੂਹ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ। ਸੂਬਾ ਹਰਭਜਨ ਸਿੰਘ ਲੁਧਿਆਣਾ ਨੇ ਆਈ ਸੰਗਤ ਦਾ ਧੰਨਵਾਦ ਕੀਤਾ।

ਸਮਾਗਮ ਵਿਚ- ਸੂਬਾ ਕੁਲਦੀਪ ਸਿੰਘ ਚਾਨਾ (ਯੂ. ਕੇ.), ਚੰਡੀਗੜ੍ਹ ਤੋਂ ਜਥੇਦਾਰ ਜੋਗਾ ਸਿੰਘ, ਜਥੇਦਾਰ ਬਲਵਿੰਦਰ ਸਿੰਘ, ਸੰਤ ਬਖਸ਼ੀਸ਼ ਸਿੰਘ, ਸੂਬਾ ਗੁਰਮੁਖ ਸਿੰਘ, ਸੰਤ ਸੁਰਿੰਦਰ ਸਿੰਘ, ਰੋਪੜ ਤੋਂ ਸੂਬਾ ਸੁਰਿੰਦਰ ਕੌਰ ਖਰਲ, ਸੰਤ ਭਗਵੰਤ ਸਿੰਘ, ਸੰਤ ਹਰਭਜਨ ਸਿੰਘ, ਸੰਤ ਸੇਵਾ ਸਿੰਘ, ਸੰਤ ਚਰਨਜੀਤ ਸਿੰਘ ਚੰਨ, ਸੰਤ ਹਰਭਜਨ ਸਿੰਘ ਲੁਧਿਆਣਾ ਅਤੇ ਗਿਆਨੀ ਜੋਗਿੰਦਰ ਸਿੰਘ ਹਾਜ਼ਰ ਸਨ।

ਸੂਬਾ ਹਰਭਜਨ ਸਿੰਘ ਦਾ ਜਨਮ 30 ਦਸੰਬਰ ਸੰਨ 1950 ਨੂੰ ਪਿਤਾ ਸੰਤ ਅਮਰ ਸਿੰਘ ਤੇ ਮਾਤਾ ਰਾਮ ਪਿਆਰੀ ਦੇ ਘਰ ਹੋਇਆ। ਆਪ ਬੜੇ ਮਿੱਠਬੋਲੜੇ, ਸ਼ਾਂਤ ਤੇ ਨਿਮਰਤਾ ਵਾਲੇ ਸੁਭਾਅ ਦੇ ਸਨ। ਸ੍ਰੀ ਸਤਿਗੁਰੂ ਜੀ ਤੇ ਆਪ ਦੀ ਅਥਾਹ ਸ਼ਰਧਾ ਸੀ। ਹਰ ਵੇਲੇ ਨਾਮ ਸਿਮਰਨ ਕਰਦੇ ਰਹਿੰਦੇ ਅਤੇ ਘਰਦਿਆਂ ਨੂੰ ਵੀ ਨਾਮ ਸਿਮਰਨ ਕਰਨ ਦੀ ਪ੍ਰੇਰਣਾ ਦਿੰਦੇ ਰਹਿੰਦੇ। ਆਪ ਆਪਣੇ ਪਿਛੇ ਆਪਣੀ ਜੀਵਨ ਸਾਥਣ ਕੁਲਦੀਪ ਕੌਰ ਪੁੱਤਰ ਗੁਰਮੁਖ ਸਿੰਘ ਨਾਮਧਾਰੀ (ਰਾਜਾ) ਨੂੰਹ ਰਾਜਬੀਰ ਕੌਰ ਅਤੇ ਪੋਤਰਾ ਪੋਤਰੀ ਰਾਏ ਸਿੰਘ ਤੇ ਅਰਸ਼ਪ੍ਰੀਤ ਕੌਰ ਨੂੰ ਛੱਡ ਗਏ।

**ਸੂਬਾ ਸੁਰਿੰਦਰ ਕੌਰ ਖਰਲ**




● **ਸੰਤ ਗੁਰਬਚਨ ਸਿੰਘ ਛਿਹਰਟਾ** ਅੰਮ੍ਰਿਤਸਰ 20 ਸਤੰਬਰ 2016 ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਉਹਨਾਂ ਦਾ ਜੀਵਨ ਸੱਚਾ ਸੁੱਚਾ ਸਾਦਗੀ ਵਾਲਾ ਸੀ।। ਉਹਨਾਂ ਹਮੇਸ਼ਾਂ ਸਤਿਗੁਰੂ ਜੀ ਨੂੰ ਸਨਮੁੱਖ ਰੱਖਿਆ। ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦੇ ਭੌਰੇ ਵਰਤਮਾਨ ਸਤਿਗੁਰੂ ਉਦੈ ਸਿੰਘ ਜੀ ਤੇ ਅਥਾਹ ਸ਼ਰਧਾ ਰੱਖਦੇ ਸਨ। ਪੱਕੇ ਗੁਰਸਿੱਖ ਨਿਤਨੇਮੀ, ਅੰਮ੍ਰਿਤ ਵੇਲੇ ਉਠਨਾ, ਨਾਮ ਸਿਮਰਨ ਉਹਨਾਂ ਦੇ ਜੀਵਨ ਦਾ ਅਨਿਖੜਵਾਂ ਅੰਗ ਬਣ ਚੁੱਕੇ ਸਨ। ਇਸ਼ਨਾਨ ਦਾ ਕਦੇ ਨਾਗਾ ਨਹੀਂ ਸੀ ਕਰਦੇ। ਆਸਾ ਦੀ ਵਾਰ ਦਾ ਕੀਰਤਨ ਕਰਨਾ ਉਹਨਾਂ ਦੀ ਰੂਹਾਨੀ ਖੁਰਾਕ ਸੀ। ***ਆਪ ਜਪਹਿ ਅਵਰਹੁ ਨਾਮ ਜਪਾਵੈ*** ਮਹਾਂਵਾਕ ਅਨੁਸਾਰ ਸੈਂਕੜੇ ਸਰੀਰਾਂ ਨੂੰ ਭਜਨ ਦੇ ਕੇ ਉਹਨਾਂ ਦਾ ਜੀਵਨ ਬਦਲਿਆ। ਉਹਨਾਂ ਦਾ ਸੁਭਾਅ ਮਿਲਾਪੜਾ ਤੇ ਮਿਠ ਬੋਲਣਾ ਸੀ 15 ਸਤੰਬਰ 2014 ਨੂੰ ਸਤਿਗੁਰੂ ਉਦੈ ਸਿੰਘ ਜੀ ਨੇ ਉਹਨਾਂ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਅੰਮ੍ਰਿਤਸਰ ਵਿਖੇ ਸਨਮਾਨਿਤ ਵੀ ਕੀਤਾ ਸੀ। ਮਹਾਂਪੁਰਸ਼ਾਂ ਦਾ ਖਿਤਾਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਿੱਤਾ ਸੀ।

● **29 ਜਨਵਰੀ 2017-** ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਅੱਜ ਦਾ ਹਫਤਾਵਾਰੀ ਸਮਾਗਮ ਸੰਤ ਨਰਿੰਦਰ ਸਿੰਘ, ਸੰਤ ਬਚਿੱਤਰ ਸਿੰਘ ਦੇ ਪਰਿਵਾਰ ਵਲੋਂ ਆਪਣੇ ਮਾਤਾ ਪਿਤਾ (ਸੰਤ ਅਗਮ ਸਿੰਘ ਅਤੇ ਮਾਤਾ ਪ੍ਰਕਾਸ਼ ਕੌਰ) ਦੀ ਯਾਦ ਵਿਚ ਕਰਵਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨੌਜਵਾਨ ਜਥੇ ਵਲੋਂ ਕੀਤਾ ਗਿਆ। 2 ਸਧਾਰਨ ਪਾਠਾਂ ਦੇ ਭੋਗ ਮੇਲੇ ਵਾਲਿਆਂ ਵਲੋਂ ਆਪਣੇ ਮਾਤਾ ਪਿਤਾ ਦੀ ਯਾਦ ਵਿਚ ਪਾਏ ਗਏ। ਸੰਤ ਸੁਰਿੰਦਰ ਸਿੰਘ ਅਤੇ ਸੰਤ ਸੁਖਵਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਤਦੇਸ਼ ਦੀ ਆਜ਼ਾਦੀ ਅਤੇ ਸਮਾਜ ਸੁਧਾਰ ਦੇ ਕੀਤੇ ਕੰਮਾਂ ਬਾਰੇ ਵਿਚਾਰ ਸਾਧ ਸੰਗਤ ਨਾਲ ਸਾਂਝੇ ਕੀਤੇ।

**-ਬਲਵੀਰ ਸਿੰਘ ਨਾਮਧਾਰੀ ਲੁਧਿਆਣਾ**

Date of Publication: 12/4/2017, Date of Posting: 13-14/4/2017
Posted at MMS New Delhi-110028
RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17




ਸ੍ਰੀ ਮਾਤਾ ਚੰਦ ਕੌਰ ਜੀ ਦੀ ਯਾਦ ਨੂੰ ਸਮਰਪਿਤ ਵਿਦਵਤਾ ਭਰਪੂਰ ਲੇਖ ਕਵਿਤਾਵਾਂ-ਦੁਰਲੱਭ ਰੰਗੀਨ ਚਿਤਰਾਂ ਨਾਲ ਸਜਾਇਆ ਹੋਇਆ। 'ਜਗਤ ਮਾਤਾ ਚੰਦ ਕੌਰ ਜੀ-ਕੀਰਤੀ ਅੰਕ' ਆਪਣਾ ਚੰਦਾ ਚੈਕ, ਡਰਾਫਟ ਜਾ ਆਨ ਲਾਈਨ State Bank of India A/c:- 30033059055 IFSC:- SBIN0003429 ਤੇ ਭੇਜ ਕੇ ਡਾਕ ਰਾਹੀਂ ਮੁਫਤ ਪ੍ਰਾਪਤ ਕਰੋ। Email: satjugweekly@gmail.com ਅਤੇ ਫ਼ੋਨ ਨੰਬਰ: 011-40519403 ਉੱਤੇ ਵੀ ਸੰਪਰਕ ਕਰ ਕੇ ਅੰਕ ਤੁਰੰਤ ਪ੍ਰਾਪਤ ਕਰ ਸਕਦੇ ਹੋ।

# All of the oils are cruelty-free and vegan registered




**1. Amla Hair Remedy**

Amla, from the Indian Gooseberry, is a powerful hair tonic known to stimulate the hair follicle to encourage growth.

**2. Grapefruit Hair Remedy**

A nourishing blend of 5 super oils to improve the condition of and strengthen your hair from within. No chemicals, parabens, sulphates, just oil.

**3. Peppermint Beard Remedy**

A refreshing beard oil to stimulate growth and treat common beard concerns.

Details on Page 5

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.57 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.45 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 9 of 13 April 2017